ੴ




# ਅੰਮ੍ਰਿਤ ਕੀਰਤਨ




ਮੁੱਲ : 10 ਰੁਪਏ ❑ ਮਾਰਚ 1998

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 3 ਸਾਲ ਦਸਵਾਂ ਮਾਰਚ 1998


ਮਿੱਤਰ ਅਸਾਡੜੇ ਸੇਈ 2

ਕਰਉ ਬੇਨੰਤੀਆਂ 4

ਭਗਤੀ ਸੰਗੀਤ ਦੀ ਪਰੰਪਰਾ : ਸ਼ਬਦ ਕੀਰਤਨ 5
ਜੋਧ ਸਿੰਘ

ਮੇਰੇ ਰੱਬ (ਕਵਿਤਾ) 7
ਮਨਮੋਹਨ ਸਿੰਘ ਦਾਊਂ

ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ 8
ਮਨਜੀਤ ਸਿੰਘ (ਕਲਕਤਾ)

ਪ੍ਰਸ਼ਨਾਵਲੀ - 12 9

ਸ਼ੀਰੀ ਸਵਰ ਜਾਦੂ ਦਾ ਅਸਰ ਰੱਖਦਾ ਹੈ 10
ਬੇਦੀ ਲਾਲ ਸਿੰਘ ਸਾਹਿਤਕਾਰ

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ
ਇਸਤਰੀ ਕੀਰਤਨਕਾਰ 12
ਡਾ. ਮਿਸ ਮਨਵਿੰਦਰ ਕੌਰ

ਮੇਰੀ ਅਮਰੀਕਾ ਯਾਤਰਾ 13
ਡਾ. ਜਾਗੀਰ ਸਿੰਘ

ਕੈਸਟ ਸਮੀਖਿਆ 15
ਪ੍ਰਿੰਸੀਪਲ ਦਰਸ਼ਨ ਸਿੰਘ ਬਾਗੜੀਆਂ

ਤੁਖਾਰੀ ਛੰਤ ਮਹਲਾ 1 (ਬਾਰਹਮਾਹਾ) 17

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 18
ਮਨਮੋਹਨ ਸਿੰਘ

ਸੁਰ ਲਿਪੀ : ਰਾਗ ਬਿਲਾਸਖ਼ਾਨੀ ਟੋਡੀ 19-20
ਪ੍ਰੋ. ਤਾਰਾ ਸਿੰਘ

Matrimonial 22

ਜੰਤਰੀ 24



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

ਕਾਰਜਕਾਰੀ ਸੰਪਾਦਕ

ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ

ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
~~ਫੋਨ- 650696~~



| ਚੰਦੇ ਦਾ ਵੇਰਵਾ: | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

ਚਿੱਠੀ ਪੱਤਰ ਲਈ ਪਤਾ :

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ -160 015
ਫੋਨ : 772660
782452

| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1500 ਰੁ. |


* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

- ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਮਿੱਤ੍ਰ ਅਸਾਡੜੇ ਸੇਈ

ਮਾਸਿਕ ਪਤਰ 'ਅੰਮ੍ਰਿਤ ਕੀਰਤਨ' ਰਾਹੀਂ ਜਿੱਥੇ ਗੁਰਮਤਿ ਨਾਲ ਹਿਤ ਰੱਖਣ ਵਾਲੇ ਗੁਰ ਸਿੱਖ ਪਰਵਾਰਾਂ ਨੂੰ ਗੁਰਬਾਣੀ ਅਤੇ ਗੁਰਮਤ ਸੰਗੀਤ ਸੰਬੰਧੀ ਜਾਣਕਾਰੀ ਮਿਲ ਰਹੀ ਹੈ, ਉਥੇ ਇਸ ਤੋਂ ਕੀਰਤਨ ਸਿੱਖਣ ਵਾਲੇ ਵਿਦਿਆਰਥੀ ਵੀ ਲਾਭ ਪ੍ਰਾਪਤ ਕਰ ਰਹੇ ਹਨ।

**ਪ੍ਰਿੰਸੀਪਲ ਦਿਆਲ ਸਿੰਘ, ਗੁਰਮਤ ਵਿਦਿਆਲਾ, ਗੁ: ਰਕਾਬ ਗੰਜ, ਨਵੀਂ ਦਿੱਲੀ**

It is always pleasure to receive your note and the journal. You have come a long way and I like the new format. It is really made a place for itself among the publications, which serve a real purpose for the community.

**(Bhai) Dr. Harbans Lal Ph. D.; (USA)**

ਆਪ ਜੀ ਵਲੋਂ ਭੇਜਿਆ ਪੱਤਰ ਜਿਸ ਵਿੱਚ ਮਿਤੀ 1 ਜਨਵਰੀ, 1998 ਦਾ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਪਵਿਤਰ ਹੁਕਮਨਾਮਾ ਨਵੇਂ ਸਾਲ ਦੀਆਂ ਖੁਸ਼ੀਆਂ ਸਹਿਤ ਭੇਜਿਆ ਗਿਆ ਹੈ, ਜਿਸ ਲਈ ਆਪ ਜੀ ਅਤੇ ਆਪ ਜੀ ਦੇ ਸਮੂੰਹ ਪਰਿਵਾਰ ਨੂੰ ਬਹੁਤ ਬਹੁਤ ਧੰਨਵਾਦ ਅਤੇ ਸਾਡੀ ਗੁਰੂ ਮਹਾਰਾਜ ਅਗੇ ਅਰਦਾਸ ਹੈ ਕਿ ਨਵਾਂ ਸਾਲ ਆਪ ਸਾਰਿਆਂ ਲਈ ਖੁਸ਼ੀਆਂ ਤੇ ਖੇੜਿਆਂ ਭਰਿਆ ਹੋਵੇ। ਜਿਸ ਤਰ੍ਹਾਂ ਕਿ ਆਪ ਭਲੀ ਭਾਂਤ ਜਾਣੂ ਹੋ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਿਛਲੇ ਡੇਢ ਸਾਲ ਤੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦਾ ਪਵਿਤਰ ਹੁਕਮਨਾਮਾ ਅੰਗ੍ਰੇਜ਼ੀ ਦੇ ਉੱਲਥੇ ਸਹਿਤ ਇੰਟਰਨੇਟ ਤੇ ਭੇਜਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰਮੁਖੀ ਅਤੇ ਅੰਗ੍ਰੇਜ਼ੀ ਦੇ ਉਲੱਥੇ ਸਹਿਤ ਸੰਪੂਰਨ ਇੰਟਰਨੇਟ ਤੇ ਪਾਇਆ ਜਾ ਚੁਕਾ ਹੈ ਅਤੇ ਹਰ ਗੁਰਪੁਰਬ ਅਤੇ ਸੰਗਰਾਂਦ ਦਾ ਲੇਖ ਵੀ ਇੰਟਰਨੇਟ ਤੇ ਪਾਇਆ ਜਾਂਦਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਜੇਕਰ ਆਪ ਜੀ ਕੋਲ ਇੰਟਰਨੇਟ ਦਾ ਕੁਨੇਕਸ਼ਨ ਹੋਵੇ ਆਪ ਜੀ WWW :: http//dgmc.sikhnet.org & E-mail :: dgmc@giasdl01.vsnl.net.in ਰਾਹੀਂ ਸਾਡੀ ਵੇਬਸਾਈਟ ਦੇਖ ਸਕਦੇ ਹੋ ਅਤੇ ਆਪਦੇ ਸੁਝਾਵ ਆਦਿ ਸਾਨੂੰ ਭੇਜੋ, ਤਾਂ ਕਿ ਇਸ ਵੇਬਸਾਈਟ ਨੂੰ ਹੋਰ ਵਧੇਰਾ ਚੰਗਾ ਬਣਾ ਸਕੀਏ। ਧੰਨਵਾਦ।

**ਜਨਰਲ ਮੈਨੇਜਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**

'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ ਜੀ। 'ਅੰਮ੍ਰਿਤ ਕੀਰਤਨ' ਵਿਚ ਨਵਾਂ ਕਾਲਮ 'ਗੁਰਮੁਖ ਢੂਢ ਢੂਢੇਦਿਆਂ' ਸ਼ਲਾਘਾ ਯੋਗ ਹੈ।

**ਆਵਤ ਸਿੰਘ, ਨਵੀਂ ਦਿੱਲੀ**

Thanks for sending Amrit Kirtan regularly every month. My wife and me enjoy it reading and learning about Gurshabad Kirtan. We hope that you will continue to provide this good service to all of us in His name. I am enclosing a cheque of Rs. 1000/- as our subscription for two years.

**(Pritam Singh Cheema) CANADA**

'ਅੰਮ੍ਰਿਤ ਕੀਰਤਨ' ਕਾਫੀ ਉੱਚੀਆਂ ਪੁਲਾਂਘਾਂ ਪੁੱਟ ਰਿਹਾ ਹੈ। ਵਾਹਿਗੁਰੂ ਆਪ ਨੂੰ ਹੋਰ ਸਮਰੱਥਾ ਬਖਸ਼ੇ ਅਤੇ 'ਅੰਮ੍ਰਿਤ ਕੀਰਤਨ' ਦਿਨ ਦੁਗਣੀ ਤੇ ਰਾਤ ਚੌਗੁਣੀ ਤੱਰਕੀ ਕਰੇ।

**ਬੰਤ ਸਿੰਘ, ਚੰਡੀਗੜ੍ਹ**

'ਅੰਮ੍ਰਿਤ ਕੀਰਤਨ' ਤੋਂ ਦਾਸ ਦਾ ਭੁਝੰਗੀ ਭਰਪੂਰ ਫਾਇਦਾ ਉਠਾਵਣ ਦੀ ਕੋਸ਼ਿਸ਼ ਕਰ ਰਿਹਾ ਹੈ। ਤੁਸੀਂ ਆਪਣੇ ਵੱਲੋਂ ਪੂਰੇ ਤਨ ਮਨ ਨਾਲ ਕੀਰਤਨ ਦੀ ਸੇਵਾ ਨਿਭਾ ਰਹੇ ਹੋ ਪਰੰਤੂ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸ਼ਬਦ ਕੀਰਤਨ ਰਿਲੇਅ ਵਿੱਚ ਭਾਗ ਲੈਣ ਵਾਲੇ ਰਾਗੀਆਂ ਬਾਰੇ ਤੁਹਾਡੇ ਨਾਲ ਗੱਲ ਸਾਂਝੀ ਕਰ ਰਿਹਾ ਹਾਂ। ਦੋ ਤਿੰਨ ਹਜ਼ੂਰੀ ਰਾਗੀ ਸਿੰਘ ਨਵੇਂ ਸ਼ਬਦ ਰਾਗ ਬਧ ਕਰਕੇ ਪਹਿਲਾਂ ਆਡਿਓ ਕੈਸਟਾਂ ਰਿਕਾਰਡ ਕਰਵਾਉਂਦੇ ਹਨ। ਇਹ ਕੈਸਟ ਬਜ਼ਾਰ ਵਿੱਚ ਆਉਣ ਤੋਂ ਇਕ ਦਿਨ ਪਹਿਲਾਂ ਜਾਂ ਬਾਅਦ ਵਿੱਚ ਉਹ ਸ਼ਬਦ ਕੀਰਤਨ ਰਿਲੇਅ ਦੇ ਸਮੇਂ ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਇਨ੍ਹਾਂ ਸ਼ਬਦਾਂ ਦਾ ਗਾਇਨ ਕਰਦੇ ਹਨ। ਇੰਝ ਮਾਰਕਿਟ ਵਿੱਚ ਕੈਸਟ ਦੀ ਵਧੇਰੇ ਵਿਕਰੀ ਹੋ ਜਾਂਦੀ ਹੈ। ਸਾਡੇ ਰਾਗੀ ਸਿੰਘਾਂ ਨੂੰ ਇਸ ਪਵਿਤਰ ਸਥਾਨ ਨੂੰ ਵਪਾਰਕ ਮੰਤਵ ਲਈ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਰਾਗੀ ਸਿੰਘ ਨਿਰੋਲ ਨਿਰਧਾਰਤ ਰਾਗਾਂ ਵਿਚ ਗੁਰਬਾਣੀ ਕੀਰਤਨ ਕਰਨ ਨਾ ਕਿ ਜਾਤੀ ਫਾਇਦੇ ਲਈ ਕੈਸਟਾਂ ਵਿੱਚ ਭਰੇ ਸ਼ਬਦਾਂ ਦਾ ਹੀ ਕੀਰਤਨ ਕਰਨ। ਮੈਂ ' ਅੰਮ੍ਰਿਤ ਕੀਰਤਨ ' ਰਾਹੀਂ ਆਵਾਜ਼ ਉਠਾ ਰਿਹਾ ਹਾਂ।

**ਜਗਜੀਤ ਸਿੰਘ, ਅਬੋਹਰ**

'ਅੰਮ੍ਰਿਤ ਕੀਰਤਨ' ਸਿੱਖ ਜਗਤ ਲਈ ਵੱਡਮੁਲਾ ਯੋਗਦਾਨ ਪਾ ਰਿਹਾ ਹੈ। ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ 'ਅੰਮ੍ਰਿਤ ਕੀਰਤਨ' ਵੱਲੋਂ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ ਗਈ। ਬਾਬਾ ਲਹਿਣਾ ਸਿੰਘ ਟ੍ਰਸਟ ਇਸ ਕਾਰਜ ਵਿੱਚ 1000/- ਰੁਪੈ ਮਾਸਕ ਹਿੱਸਾ ਪਾਉਂਦਾ ਰਹੇਗਾ। ਟ੍ਰਸਟ ਦੇ ਫੈਸਲੇ ਅਨੁਸਾਰ ਪਹਿਲਾ ਚੈੱਕ ਭੇਜਿਆ ਜਾ ਰਿਹਾ ਹੈ।

**ਗੁਰਜਨਕ ਸਿੰਘ, ਬਾਬਾ ਲਹਿਣਾ ਸਿੰਘ ਟ੍ਰਸਟ, ਚੰਡੀਗੜ੍ਹ**

'ਅੰਮ੍ਰਿਤ ਕੀਰਤਨ' ਵਿੱਚ ਕੀਰਤਨ ਪਰੰਪਰਾ ਵਾਲਾ ਲੇਖ ਦੇਣ ਲਈ ਧੰਨਵਾਦ। ਮਨ ਵਿੱਚ ਤੜਪ ਹੈ ਕਿ 'ਕੀਰਤਨ' ਦੇ ਪ੍ਰਚਲਿਤ ਸਿਸਟਮ ਵਿੱਚ ਤਬਦੀਲੀ ਆ ਸਕੇ। ਹੈਰਾਨ ਹਾਂ ਦਰਬਾਰ ਸਾਹਿਬ ਵਿੱਚ ਕੀਰਤਨ ਦਾ ਪੱਧਰ ਕੇਵਲ ਕਹਿਰਵਾ, ਦਾਦਰਾ ਦੇ ਰੂਪਕ ਤਾਲਾਂ ਵਿੱਚ ਹੀ ਸੀਮਤ ਰਹਿ ਗਿਆ ਹੈ। ਨਾਮੀ ਜੱਥੇ ਵੀ ਕੀਰਤਨ ਦੀ ਅਰੰਭਤਾ ਸਮੇਂ ਮੰਗਲਾਚਰਨ ਨਹੀਂ ਕਰਦੇ। ਕੀਰਤਨ ਦੇ ਪੱਧਰ ਦੀ ਸਮੱਸਿਆ ਦਰਬਾਰ ਸਾਹਿਬ ਤੋਂ ਕੀਰਤਨ ਦੀ ਪੱਧਰ ਨੂੰ ਉੱਚਾ ਚੁੱਕਣ ਨਾਲ ਹੱਲ ਹੋ ਸਕਦੀ ਹੈ। ਇਸ ਸਬੰਧ ਵਿੱਚ ਰਾਗਾਂ ਦੇ ਸਰੂਪ ਸ਼ਬਦਾਂ ਦਾ ਗਾਇਣ ਵਰਕਸ਼ਾਪ ਟਾਈਪ ਕੀਰੰਤਨ-ਬੋਧ ਸਮਾਗਮ ਕਰਕੇ ਹੋ ਸਕਦਾ ਹੈ। 'ਅਦੁਤੀ ਗੁਰਮਤਿ ਸੰਗੀਤ ਦਰਬਾਰ' ਬਹੁਤ ਵੱਡੀ ਦੇਣ ਹੈ। ਕੀਰਤਨ ਪਰੰਪਰਾ ਨੂੰ ਉੱਚਿਆਉਣ ਲਈ 'ਅੰਮ੍ਰਿਤ ਕੀਰਤਨ' ਦਾ ਯੋਗਦਾਨ ਬੇਅੰਤ ਹੈ।

**ਪ੍ਰੋ. ਕਰਤਾਰ ਸਿੰਘ, ਲੁਧਿਆਣਾ**

'ਅੰਮ੍ਰਿਤ ਕੀਰਤਨ' ਜਨਵਰੀ 1998 ਅੰਕ ਵਿੱਚ 'ਕੀਰਤਨ ਪਰੰਪਰਾ' ਲੇਖਕ ਪ੍ਰੋ. ਕਰਤਾਰ ਸਿੰਘ ਅਤੇ ਸੰਤਾ ਸਿੰਘ ਆਜ਼ਿਜ਼ ਦੀ ਕਵਿਤਾ ਬਹੁਤ ਪਸੰਦ ਆਈ।

**ਬਲਵਿੰਦਰ ਸਿੰਘ, ਗੜ੍ਹੀ ਵਾਲਾ**

'ਅੰਮ੍ਰਿਤ ਕੀਰਤਨ' ਜਨਵਰੀ 1998 ਅੰਕ ਵਿੱਚ 'ਕਰਉ ਬੇਨੰਤੀਆਂ' ਵਿੱਚ ਸੁੰਦਰ ਵਿਚਾਰ ਸਨ। ਪ੍ਰੋ. ਕਰਤਾਰ ਸਿੰਘ ਜੀ ਦਾ ਲੇਖ 'ਕੀਰਤਨ ਪਰੰਪਰਾ' 'ਅਸਟ੍ਰੇਲੀਆ ਵਿੱਚ ਇੱਕ ਦਿਨ' ਡਾ. ਮਨਵਿੰਦਰ ਕੌਰ ਵੱਲੋਂ ਗੁਰਸਿੱਖ ਬੀਬੀ ਦੇ ਸਰੂਪ ਤੇ ਚਰਿਤਰ ਬਾਰੇ ਬਹੁਤ ਹੀ ਸ਼ਲਾਘਾ ਭਰਪੂਰ ਲੇਖ ਹਨ।

**ਪ੍ਰੋ. ਮੰਗਤ ਸਿੰਘ ਮਸਤਾਨਾ, ਮਲੋਟ**

'ਅੰਮ੍ਰਿਤ ਕੀਰਤਨ' ਦੇ ਸਾਰੇ ਹੀ ਲੇਖ ਬਹੁਤ ਦਿਲ-ਖਿਚਵੇਂ ਤੇ ਪ੍ਰਭਾਵਸ਼ਾਲੀ ਹੁੰਦੇ ਹਨ। ਪਿਆਰੇ ਪਿਤਾ ਜੀ ਸ. ਜੋਧ ਸਿੰਘ ਜੀ ਦਾ ਗੁਰਬਾਣੀ ਕੀਰਤਨ ਬਾਰੇ ਇੱਕ ਲੇਖ ਭੇਜ ਰਹੀ ਹਾਂ। ਤੁਹਾਡੀ ਇਛਾ ਅਨੁਸਾਰ 'ਅੰਮ੍ਰਿਤ ਕੀਰਤਨ' ਲਈ ਪਾਪਾ ਜੀ ਦੇ ਲੇਖ ਭੇਜਦੀ ਰਹਾਂਗੀ।

**ਡਾ. ਸੁਰਜੀਤ ਕੌਰ, ਯੂ. ਐਸ. ਏ.**

'ਅੰਮ੍ਰਿਤ ਕੀਰਤਨ' ਸਾਡੇ ਘਰ ਵਿੱਚ ਖੁਸ਼ੀ ਲੈ ਕੇ ਆਉਂਦਾ ਹੈ। ਵਾਹਿਗੁਰੂ ਇਸ ਨੂੰ ਹੋਰ ਚੜ੍ਹਦੀ ਕਲਾ ਬਖਸ਼ੇ

**ਰਾਗੀ ਕਰਤਾਰ ਸਿੰਘ, ਨੋਰਾ, ਜ਼ਿਲਾ ਨਵਾਂ ਸ਼ਹਿਰ**

ਪਹਿਲੀ ਜਨਵਰੀ 1998 ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਪ੍ਰਸਾਰਿਤ ਹੋਇਆ ਹੁਕਮਨਾਮਾ ਅਤੇ ਉਸ ਦੇ ਅਰਥ, ਸ਼ੁਭ ਕਾਮਨਾਵਾਂ ਸਹਿਤ ਪ੍ਰਾਪਤ ਹੋਏ। ਵਾਹਿਗੁਰੂ 'ਅੰਮ੍ਰਿਤ ਕੀਰਤਨ' ਪਰਿਵਾਰ ਨੂੰ ਚੜ੍ਹਦੀ ਕਲਾ ਬਖਸ਼ੇ। **ਇੰਦਰਪਾਲ ਸਿੰਘ, ਚੰਡੀਗੜ੍ਹ**

ਤੁਸੀਂ ਖਿਆਲ ਨਾ ਕਰਨਾ ਕਿ ਨਵੇਂ ਸਾਲ ਸਬੰਧੀ ਮੇਰਾ ਕੀ ਖਿਆਲ ਹੈ। ਸਾਲ ਤਾਂ ਨਵਾਂ ਹੈ ਨਹੀਂ ਵਿਸੂਏ, ਚੱਸੀਆਂ, ਘੜੀਆਂ, ਪਹਿਰੇ, ਤਿੱਥਾਂ, ਵਾਰ, ਮਹੀਨੇ ਤੇ ਸਾਲ ਬੀਤ ਰਹੇ ਹਨ। ਇਹ ਸੱਭ ਤਾਂ ਸਮੇਂ ਦਾ ਨਾਮ ਹੈ। ਸੂਰਜ ਇੱਕ ਹੈ। ਰੁੱਤਾਂ ਅਨੇਕ ਨੇ। ਵਾਹਿਗੁਰੂ ਇੱਕ ਹੈ। ਤਿੱਥਾਂ ਵਾਰ ਰੁੱਤਾਂ ਬਾਹਾਰਾਂ ਅਨੇਕ ਹਨ। ਦੁਨੀਆਂ ਵਿੱਚ ਅਨੇਕ ਕਿਸਮਾਂ ਦੇ ਕੈਲੰਡਰ ਚੱਲ ਰਹੇ ਹਨ। ਹਿੰਦੁਸਤਾਨ ਵਿਚ ਵੀ ਹਿਜ਼ਰੀ, ਬਿਕਰਮੀ, ਸ਼ੱਕ, ਅਤੇ ਈਸਵੀ ਆਦਿ ਕਈ ਪ੍ਰਕਾਰ ਦੇ ਸੰਨ ਤੇ ਸੰਮਤ ਹਨ। ਕਿਸ ਦਾ ਨਵਾਂ ਦਿਨ ਕਦੋਂ ਹੈ। ਇਹ ਸੰਮਤਾਂ ਵਾਲੇ ਜਾਨਣ ਜਾਂ ਅੱਲਾ ਸੋਹਣਾ ਖੁੱਦ ਜਾਣੇ। ਸਾਡਾ ਤਾਂ ਨਵਾਂ ਸਾਲ ਤੇ ਚੰਗਾ ਦਿਨ ਉਹੀ ਹੈ ਜਦੋਂ ਪਿਆਰੀਆਂ ਪਿਆਰੀਆਂ ਰੂਹਾਂ ਵਾਲੇ ਜੀਵ ਅੱਖਾਂ ਵਿਚ ਪਿਆਰ ਅੰਮ੍ਰਿਤ ਲੈ ਕੇ ਮਿਲਣ। ਮੈ ਆਪ ਜੀ ਦਾ ਬੜਾ ਧੰਨਵਾਦੀ ਹਾਂ ਅਤੇ ਆਪ ਜੀ ਦੇ ਨਵੀਨ ਵਿਚਾਰ ਦੀ ਸ਼ਾਲਾਘਾ ਕਰਦਾ ਹਾਂ ਕਿ ਕਿਤਨੇ ਸੁੰਦਰ ਢੰਗ ਨਾਲ ਤੁਸੀਂ ਨਵੇਂ ਸਾਲ ਦੀ ਇਤਲਾਹ ਦਿੱਤੀ। ਗੁਰੂ ਕਾ ਬਚਨ ਸੁਣਾਇਆ। ਉਸ ਦੀ ਵਿਆਖਿਆ ਕੀਤੀ। ਮੈਂ ਆਪ ਜੀ ਦਾ ਹਿਰਦੇ ਤੋਂ ਧੰਨਵਾਦੀ ਹਾਂ। **ਬਲਵਿੰਦਰ ਸਿੰਘ, ਲੁਧਿਆਣਾ**

ਫਰਵਰੀ ਅੰਕ 'ਅੰਮ੍ਰਿਤ ਕੀਰਤਨ' ਵਿਚ ਹੁਣੇ ਹੁਣੇ ਮੈਂ ਭਾਈ ਸਮੁੰਦ ਸਿੰਘ ਜੀ ਬਾਰੇ ਪੜ੍ਹ ਕੇ ਹਟਿਆ ਹਾਂ। ਪ੍ਰਿੰਸੀਪਲ ਦਿਆਲ ਸਿੰਘ ਹੋਰਾਂ ਦੇ ਸ਼ਬਦਾਂ ਵਿਚ ਉਨ੍ਹਾਂ ਦਾ ਗੁਣਗਾਨ ਬਹੁਤ ਚੰਗਾ ਲੱਗਾ। ਮੈਂ ਜਿਉਂ ਸੁਰਤ ਸੰਭਾਲੀ ਹੈ ਮੈਨੂੰ ਭਾਈ ਸਮੁੰਦ ਸਿੰਘ ਦੇ ਗਾਇਨ ਨੇ ਹਮੇਸ਼ਾ ਹੀ ਕਾਇਲ ਕੀਤਾ ਹੈ। ਪ੍ਰਿੰਸੀਪਲ ਦਿਆਲ ਸਿੰਘ ਸਮੇਂ ਸਮੇਂ ਭਾਈ ਸਮੁੰਦ ਸਿੰਘ ਦੇ ਸੰਪਰਕ ਵਿਚ ਰਹੇ ਅਤੇ ਕਈ ਕੀਰਤਨ ਦਰਬਾਰਾਂ ਵਿਚ ਉਨ੍ਹਾਂ ਦਾ ਸਾਥ ਦਿਲਰੁਬਾ ਵਜਾ ਕੇ ਦਿਤਾ ਤੇ ਕਈ ਬੈਠਕਾਂ ਵਿਚ ਵਿਚਾਰ ਵਟਾਂਦਰਾ ਵੀ ਕੀਤਾ ਜਿਸ ਬਾਰੇ ਪ੍ਰਿੰ. ਦਿਆਲ ਸਿੰਘ ਹੋਰਾਂ ਬੜੇ ਚੰਗੇ ਸ਼ਬਦਾਂ ਵਿਚ ਜ਼ਿਕਰ ਕੀਤਾ ਹੈ। ਆਪਣੇ ਚਹੇਤੇ ਤੇ ਸਤਿਕਾਰਤ ਸ਼ਖਸੀਅਤ ਬਾਰੇ ਜਾਣ ਕੇ ਮਨ ਨੂੰ ਬਹੁਤ ਚੰਗਾ ਚੰਗਾ ਲੱਗਾ। ਇਸ ਲਈ ਤੁਹਾਡਾ ਧੰਨਵਾਦ ਕਰਨਾ ਬਣਦਾ ਹੈ।

**ਪ੍ਰੇਮ ਗੋਰਖੀ, ਚੰਡੀਗੜ੍ਹ**


**THE SIKH COURIER** International

A journal of the Sikh Cultural Society of Great Britain

88 Mollison Way, Edgware, Middlesex

(Greator London) U.K.

## ਵੇਲੇ ਵੇਲੇ ਦੇ ਰਾਗ

ਮੇਰੇ ਮਿੱਤਰ ਬ੍ਰਿਜਮੋਹਨ ਸਿੰਘ ਚੰਡੀਗੜ੍ਹ ਦੀ ਬੇਟੀ ਦੇ ਅਨੰਦ ਕਾਰਜ ਦਾ ਕਾਰਡ ਆਇਆ। ਬੇਟੀ ਦਾ ਵਿਆਹ ਮੇਰੇ ਇੱਕ ਹੋਰ ਮਿੱਤਰ ਸ੍. ਹਰਭਜਨ ਸਿੰਘ, ਸਿੱਧੂ ਸਰਵਿਸ ਸਟੇਸ਼ਨ, ਚੰਡੀਗੜ੍ਹ ਵਾਲਿਆਂ ਦੇ ਲੜਕੇ ਨਾਲ ਹੋਣਾ ਸੀ। ਦੋਵੇਂ ਪਰਿਵਾਰ ਕਹਿਣ ਲੱਗੇ ਕਿ ਅਨੰਦ ਕਾਰਜ ਵਾਲੇ ਦਿਨ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੁਣਨਾ ਹੈ। ਭਾਵੇਂ ਕੀਰਤਨ ਦਾ ਸਮਾਂ ਸਵੇਰੇ 7 ਵਜੇ ਨਿਸ਼ਚਿਤ ਹੋਇਆ ਪਰ ਇਸ ਤੇ ਵੀ ਚੰਡੀਗੜ੍ਹ ਦੇ ਬਹੁਤੇ ਸੱਜਣਾਂ ਨੂੰ ਹੈਰਾਨੀ ਹੋਈ, ਕਿ ਇਸ ਸਮੇਂ ਕੌਣ ਸੁਣਨ ਆਵੇਗਾ। ਪਰ ਇਸ ਸਮਾਗਮ ਵਿੱਚ ਖੁਸ਼ੀ ਇਸ ਗੱਲ ਦੀ ਹੋਈ ਕਿ ਅਸੀਂ ਅਨੰਦ ਕਾਰਜ ਤੋਂ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਨਾਲ ਹੀ ਅਨੰਦ ਕਾਰਜ ਦੀ ਕਾਰਵਾਈ ਵੀ ਹੋ ਗਈ। ਇਥੋਂ ਤਕ ਕਿ ਸਾਰਾ ਕੁਝ ਗਿਣੇ ਮਿੱਥੇ ਸਮੇਂ ਵਿੱਚ ਹੀ ਪੂਰਾ ਹੋ ਗਿਆ।

ਜਦੋਂ ਮੈਂ ਆਪਣੇ ਕੀਰਤਨ ਕੈਰੀਅਰ ਵੱਲ ਨਜ਼ਰ ਮਾਰਦਾ ਹਾਂ, ਤਾਂ ਇਹ ਸੋਚ ਕੇ ਵੀ ਹੈਰਾਨ ਹੁੰਦਾ ਹਾਂ ਕਿ ਮੈਨੂੰ ਦੋ-ਤਿੰਨ ਮੌਕੇ ਹੀ ਅਜਿਹੇ ਮਿਲੇ ਜਦੋਂ ਅਨੰਦ ਕਾਰਜ ਤੋਂ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਹੋਵੇ। ਇੱਕ ਅਜਿਹਾ ਹੀ ਅਨੰਦ ਕਾਰਜ ਸ਼ਿਮਲਾ ਨਿਵਾਸੀ ਸ. ਬਲਦੇਵ ਸਿੰਘ ਜਿਹੜੇ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਦੇ ਪ੍ਰਧਾਨ ਹਨ, ਦੇ ਸਪੁੱਤਰ ਦਾ ਸੀ। ਉਹਨਾਂ ਦੇ ਪਿਤਾ ਜੀ ਸ. ਇੰਦਰ ਸਿੰਘ ਸ਼ਿਮਲਾ ਸੰਗਤ ਵਿੱਚ ਬੜੇ ਆਦਰਯੋਗ ਵਿਅਕਤੀ ਸਨ। ਏਧਰ ਮੁਹਾਲੀ ਵਿੱਚ ਸ. ਜਗਜੀਤ ਸਿੰਘ ਰਜਿਸਟਰਾਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਬੇਟੀ ਦਾ ਅਨੰਦ ਕਾਰਜ ਸੀ, ਇਹਨਾਂ ਨੇ ਵੀ ਅਨੰਦ ਕਾਰਜ ਤੋਂ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਕਰਵਾਇਆ ਸੀ। ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਇਹਨਾਂ ਦਾ ਵੀ ਸਾਰਾ ਕਾਰਜ ਬੜਾ ਸਮੇ ਸਿਰ ਸੰਪੂਰਨ ਹੋ ਗਿਆ ਸੀ।

ਐਸੇ ਮੌਕੇ ਵੀ ਆਏ ਜਦੋਂ ਅਨੰਦ ਕਾਰਜ ਬੜਾ ਲੇਟ ਹੋਇਆ। ਆਮ ਤੌਰ ਤੇ ਧੋਤੇ ਅਤੇ ਪੁਤੇਤੇ ਜਦੋਂ ਸੰਗਤ ਵਿੱਚ ਆ ਕੇ ਬੈਠਦੇ ਹਨ ਤਾਂ ਰੌਲਾ ਤਾਂ ਬਹੁਤ ਪਾਉਂਦੇ ਹਨ ਕਿ ਅਨੰਦ ਕਾਰਜ ਬਾਰ੍ਹਾਂ ਵਜੇ ਤੋਂ ਪਹਿਲਾਂ ਹੋਣਾ ਚਾਹੀਦਾ ਹੈ, ਪਰ ਉਹਨਾਂ ਦੀ ਕਹਿਣੀ ਤੇ ਕਰਨੀ ਵਿੱਚ ਬਹੁਤ ਅੰਤਰ ਆ ਜਾਂਦਾ ਹੈ, ਜਦੋਂ ਉਹ ਲੜਕੇ ਤੇ ਲੜਕੀ ਨੂੰ ਲਾਵਾਂ ਤੇ ਬਿਠਾਉਣ ਵਿੱਚ ਹੀ ਬਹੁਤ ਦੇਰੀ ਕਰ ਦਿੰਦੇ ਹਨ, ਜਿਸ ਕਾਰਨ ਸਾਰੀ ਕਾਰਵਾਈ ਬੜੀ ਤੇਜ਼ੀ ਨਾਲ ਕਰਨੀ ਪੈਂਦੀ ਹੈ। ਕਾਹਲੀ ਕਾਰਨ ਤੇ ਸਮੇਂ ਦੀ ਥੁੜ ਹੋਣ ਕਾਰਨ ਕੀਰਤਨ ਸੁਣਨ-ਕਰਨ ਵੱਲ ਧਿਆਨ ਹੀ ਨਹੀਂ ਜਾਂਦਾ।

ਇਕ ਦੋ ਵਾਰ ਤਾਂ ਅਨੰਦ ਕਾਰਜ ਤੇ ਕੀਰਤਨ ਕੀਤੇ ਬਿਨਾਂ ਵੀ ਆਉਣਾ ਪਿਆ। ਇਕ ਵਾਰ ਮੇਰੇ ਇਕ ਮਿੱਤਰ, ਜਿਹਨਾਂ ਦਾ ਟੈਲੀਵੀਜ਼ਨ ਆਦਿ ਦਾ ਬੜਾ ਵੱਡਾ ਸ਼ੋ-ਰੂਮ ਹੈ, ਦੇ ਲੜਕੇ ਦਾ ਅਨੰਦ ਕਾਰਜ ਹੋਣਾ ਸੀ। ਉਹਨਾਂ ਨੇ ਮੈਨੂੰ ਅਨੰਦ ਕਾਰਜ ਕਰਵਾਉਣ ਲਈ ਕਹਿ ਦਿੱਤਾ ਮੈਨੂੰ ਇੱਕ ਹੋਰ ਕੀਰਤਨ ਪ੍ਰੋਗਰਾਮ ਵੀ ਆਇਆ ਹੋਇਆ ਸੀ। ਮੈਂ ਉਹਨਾਂ ਨਾਲ ਸਲਾਹ ਕਰਕੇ ਹੀ ਅਨੰਦ ਕਾਰਜ ਤੋਂ ਬਾਅਦ 1 ਵਜੇ ਦਾ ਦੂਜਾ ਕੀਰਤਨ ਪ੍ਰੋਗਰਾਮ ਵੀ ਮੰਨ ਲਿਆ। ਪਰ 1 ਵਜੇ ਤਕ ਬਰਾਤ ਹੀ ਗੁਰਦੁਆਰੇ ਨਾ ਪੁੱਜੀ। ਇਸ ਲਈ ਅਸੀਂ ਬਿਨਾਂ ਕੀਰਤਨ ਕੀਤੇ ਹੀ ਉਥੋਂ ਚੱਲੇ ਗਏ। ਉਹਨਾਂ ਦੇ ਸਮਾਗਮ ਤੇ ਕੀਰਤਨ ਪਤਾ ਨਹੀਂ ਕਿਸ ਨੇ ਕੀਤਾ। ਉਹਨਾਂ ਨੂੰ ਮੇਰੀ ਮਜਬੂਰੀ ਦਾ ਵੀ ਪਤਾ ਸੀ। ਉਹਨਾਂ ਨੇ ਬਹੁਤਾ ਗੁੱਸਾ ਨਾ ਕੀਤਾ।

ਇਸ ਤਰ੍ਹਾਂ ਹੀ ਮੇਰੇ ਇਕ ਹੋਰ ਨਿਕਟਵਰਤੀ ਦਾ ਅਨੰਦ ਕਾਰਜ ਸੀ। ਰੋਪੜ, ਕੀਰਤਨ ਕਰਨ ਲਈ ਅਸੀਂ ਜਿੱਥੇ ਅਨੰਦ-ਕਾਰਜ ਹੋਣਾ ਸੀ, ਬੜੇ ਹੀ ਸਮੇਂ ਸਿਰ ਪੁੱਜ ਗਏ, ਪਰ ਬਰਾਤ ਦੋ ਵਜੇ ਪੁੱਜੀ। ਜਦੋਂ ਪੁੱਛਿਆ ਤਾਂ ਲੜਕੇ ਵਾਲੇ ਕਹਿਣ ਲੱਗੇ ਕਿ ਅਸੀਂ ਬੈਂਡ ਵਾਜੇ ਵਾਲਿਆਂ ਨੂੰ ਉਡੀਕਦੇ ਹੀ ਲੇਟ ਹੋ ਗਏ। ਜਦੋਂ ਬਰਾਤ ਵਾਲੇ ਦੇਰ ਨਾਲ ਆ ਕੇ ਭੰਗੜੇ ਆਦਿ ਵਿੱਚ ਸਮਾਂ ਬਰਬਾਦ ਕਰਦੇ ਹਨ, ਤਾਂ ਗੁੱਸਾ ਵੀ ਆਉਂਦਾ ਹੈ ਤੇ ਹਾਸਾ ਵੀ।

ਆਪੋ ਆਪਣੀ ਸੋਚ ਮੁਤਾਬਿਕ ਕਈ ਲੋਕ ਮੇਰੇ ਤੋਂ ਇਹ ਸੁਆਲ ਪੁੱਛਦੇ ਹਨ ਕਿ ਅਨੰਦ ਕਾਰਜ ਬਾਰਾਂ ਵਜੇ ਤੋਂ ਪਹਿਲਾਂ ਪਹਿਲਾਂ ਕਿਉਂ ਹੋਣਾ ਚਾਹੀਦਾ ਹੈ ਜਦ ਕਿ ਗੁਰਮਤਿ ਵਿੱਚ ਤਾਂ ਵਹਿਮ ਭਰਮ ਨਹੀਂ ਮੰਨੇ ਜਾਂਦੇ। ਪਰ ਜੇ ਗੁਰਮਤਿ ਵਿੱਚ ਵਹਿਮ ਭਰਮ ਨਹੀਂ ਮੰਨੇ ਜਾਂਦੇ ਤਾਂ ਗੁਰਮਤਿ ਵਿੱਚ ਸਮੇਂ ਦੀ ਪਾਬੰਦੀ ਨਾ ਰੱਖਣ ਦੀ ਵੀ ਮਨਾਹੀ ਨਾ ਹੋਣ ਕਾਰਨ ਸਾਡੇ ਬਹੁਤੇ ਪ੍ਰੋਗਰਾਮ ਬੇ-ਮੌਕੇ ਬਣੀ ਜਾ ਰਹੇ ਹਨ। ਜਿਹੜੇ ਕੀਰਤਨੀਏ ਤੇ ਸਰੋਤਿਆਂ ਨੂੰ ਰਾਗ ਦੀ ਸਮਝ ਹੈ, ਉਹਨਾਂ ਨੂੰ ਤਾਂ ਪਤਾ ਹੁੰਦਾ ਹੈ ਕਿ ਰਾਗ ਗਾਉਣ ਦਾ ਵੀ ਕੋਈ ਸਮਾਂ ਹੁੰਦਾ ਹੈ ਜਦ ਕਿ ਆਮ ਲੋਕਾਂ ਲਈ ਤਾਂ ਕੀਰਤਨ ਕੇਵਲ ਇਕ ਮਨੋਰੰਜਨ ਦਾ ਸਾਧਨ ਬਣ ਕੇ ਰਹਿ ਗਿਆ ਹੈ। ਆਮ ਤੌਰ ਤੇ ਦਿਨ ਦੇ ਬਾਰਾਂ ਵਜੇ ਤੋਂ ਪਹਿਲਾਂ ਸਵੇਰ ਦੇ ਰਾਗ ਗਾਏ ਜਾਂਦੇ ਹਨ ਅਤੇ ਬਾਰਾਂ ਵਜੇ ਤੋਂ ਬਾਅਦ ਸ਼ਾਮ ਦੇ ਰਾਗਾਂ ਦਾ ਸਮਾਂ ਹੋ ਜਾਂਦਾ ਹੈ। ਸਾਡੇ ਸਿੱਖ ਸਭਿਆਚਾਰ ਵਿੱਚ ਸਵੇਰ ਵੇਲੇ ਖੁਸ਼ੀ ਦੀਆਂ ਰਸਮਾਂ ਅਤੇ ਸ਼ਾਮ ਵੇਲੇ ਮਿਰਤਕ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ। ਇਸ ਲਈ ਇਹਨਾਂ ਰਸਮਾਂ ਤੇ ਵੀ ਵੱਖ ਵੱਖ ਰਾਗਾਂ ਦੀਆਂ ਸੁਰਾਂ ਕੰਨਾਂ ਨੂੰ ਜੱਚਣ ਲੱਗ ਪਈਆਂ ਹਨ। ਬਾਰਾਂ ਵਜੇ ਤੋਂ ਬਾਅਦ ਹੋਣ ਵਾਲੇ ਅਨੰਦ ਕਾਰਜ ਵਿੱਚ ਸ਼ਾਮ ਦੇ ਰਾਗਾਂ ਵਿੱਚ ਸ਼ਬਦ ਗਾਉਣੇ ਚੰਗੇ ਨਹੀਂ ਲੱਗਦੇ। ਸਾਨੂੰ ਚਾਹੀਦਾ ਹੈ ਕਿ ਅਸੀਂ ਸਮੇਂ ਸਿਰ ਹੀ ਸਾਰੇ ਕਾਰਜ ਪੂਰਾ ਕਰੀਏ, ਕਿਉਂਕਿ ਸਿਆਣਿਆਂ ਦਾ ਕਥਨ ਹੈ:-

"ਵੇਲੇ ਵੇਲੇ ਦੇ ਰਾਗ ਤੇ ਕੁਵੇਲੇ ਦੀਆਂ ਟਕਰਾਂ"

# 'ਭਗਤੀ ਸੰਗੀਤ ਦੀ ਪ੍ਰੰਪਰਾ' 'ਸ਼ਬਦ ਕੀਰਤਨ'

ਸ: ਜੋਧ ਸਿੰਘ

ਮਹਾਰਾਜਾ ਰਣਜੀਤ ਸਿੰਘ ਨੂੰ ਗੁਰਬਾਣੀ ਕੀਰਤਨ ਸੁਣਨ ਦਾ ਬੜਾ ਪ੍ਰੇਮ ਸੀ। ਉਹ ਨੇਮ ਨਾਲ ਸਮੇਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਲਈ ਉਚੇਚਾ ਲਾਹੌਰ ਤੋਂ ਆਉਂਦੇ ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਬੈਠ ਕੇ ਕੀਰਤਨ ਦਾ ਅਨੰਦ ਪ੍ਰਾਪਤ ਕਰਦੇ। ਉਨ੍ਹਾਂ ਦੇ ਰਾਜ ਕਾਲ ਵਿਚ ਭਾਈ ਮਨਸਾ ਸਿੰਘ ਕੀਰਤਨੀਏ ਬੜਾ ਉਚਾ ਸੁੱਚਾ ਗੁਰਮੁਖਾਂ ਵਾਲਾ ਜੀਵਨ ਬਤੀਤ ਕਰਦੇ ਸਨ। ਉਨ੍ਹਾਂ ਦੇ ਉੱਚ ਕੋਟੀ ਦੇ ਰਾਗ ਅਤੇ ਡੂੰਘੇ ਤਿਆਗ ਸਦਕਾ ਉਨ੍ਹਾਂ ਦੇ ਬਚਨਾਂ ਨੂੰ ਕਦੇ ਕੋਈ ਮੋੜਦਾ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਭਾਈ ਮਨਸਾ ਸਿੰਘ ਜੀ ਦੇ ਪ੍ਰੇਮ, ਤਿਆਗ ਤੇ ਕੀਰਤਨ ਦੀ ਸਿਫ਼ਤ ਸਲਾਹ ਨਾਲ ਡੂੰਘੇ ਪ੍ਰੇਰੇ ਤੇ ਪ੍ਰਭਾਵਿਤ ਹੋਏ। ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਇਹ ਖਿਆਲ ਲੈ ਕੇ ਪੁਜੇ ਕਿ ਉਹ ਅਜਿਹੇ ਉਚ ਕੋਟੀ ਦੇ ਗੁਰਮੁਖ ਕੀਰਤਨੀਏ ਸਿੰਘ ਨੂੰ ਸੋਨੇ ਚਾਂਦੀ ਦੀ ਬੇਅੰਤ ਭੇਟਾ ਦੇ ਕੇ ਮਾਲਾ ਮਾਲ ਕਰ ਦੇਣਗੇ ਤਾਂ ਜੋ ਉਸ ਨੂੰ ਕਿਸੇ ਦੁਨੀਆਵੀ ਲੋੜ ਦਾ ਫ਼ਿਕਰ ਨ ਸਤਾਏ।

ਤਿਆਗੀ ਕੀਰਤਨੀਏ ਭਾਈ ਮਨਸਾ ਸਿੰਘ ਜੀ ਨੇ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਅਸ਼ਰਫੀਆਂ ਨਾਲ ਭਰੇ ਥਾਲ ਲੈ ਆਪਣੇ ਘਰ ਆਉਂਦਿਆਂ ਵੇਖਿਆ ਤਾਂ ਆਪਣੇ ਘਰ ਦਾ ਬੂਹਾ ਬੰਦ ਕਰ ਲਿਆ ਤੇ ਕਿਹਾ ਕਿ ਆਪ ਦੇ ਚਰਨਾਂ ਵਿਚ ਲਛਮੀ ਤਥਾ ਦੌਲਤ ਦੀ ਦੇਵੀ ਦਾ ਨਿਵਾਸ ਹੈ। ਇਸ ਦੌਲਤ ਦੇ ਮੇਰੇ ਘਰ ਆਉਣ ਨਾਲ ਗੁਰੂ ਬਾਣੀ ਦੇ ਕੀਰਤਨ ਵਿਚ ਜੋ ਪ੍ਰੇਮ ਤੇ ਰੂਹਾਨੀ ਰਸ ਹੈ ਉਹ ਘਟ ਜਾਏਗਾ। ਮੇਰੇ ਪਾਸ ਮੇਰੇ ਕੀਰਤਨ ਦੇ ਅਨੰਦ ਦੀ ਦੌਲਤ ਹੀ ਰਹਿਣ ਦਿਉ। ਇਸ ਇਤਿਹਾਸਕ ਉਦਾਹਰਨ ਤੋਂ ਕੀਰਤਨ ਦੀ ਗੁਰਸਿੱਖੀ ਵਿਚ ਮਹੱਤਤਾ, ਕੀਰਤਨੀਏ ਦੀ ਆਤਮਕ ਅਵਸਥਾ ਤੇ ਕੀਰਤਨ ਨਾਲ ਮਹਾਰਾਜਾ ਰਣਜੀਤ ਸਿੰਘ ਤਥਾ ਸਾਧਾਰਨ ਸਿੱਖਾਂ ਦੇ ਪਿਆਰ ਤੇ ਸਤਿਕਾਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਸਿੱਖ ਧਰਮ ਵਿਚ ਗੁਰਬਾਣੀ ਦੇ ਕੀਰਤਨ ਨੂੰ ਜੋ ਮਹੱਤਤਾ ਪ੍ਰਦਾਨ ਹੈ, ਉਹ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਸਿੱਖੀ ਦੇ ਸੋਮੇ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ ਰਾਗ ਬੱਧ ਕਵਿਤਾ ਵਿਚ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਸ਼ਬਦ 31 ਰਾਗਾਂ ਵਿਚ ਹਨ ਤੇ ਉਨ੍ਹਾਂ ਵਿਚ ਭਾਰਤੀ ਸੰਗੀਤ ਦੇ ਬੇਸ਼ੁਮਾਰ ਪ੍ਰਚਲਤ ਪ੍ਰਕਾਰ ਹਨ। ਇਨ੍ਹਾਂ 31 ਰਾਗਾਂ ਦੇ ਨਾਮ ਹਨ, ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਤੇ ਜੈਜੈਵੰਤੀ। ਇਨ੍ਹਾਂ ਰਾਗਾਂ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 18 ਰਾਗਾਂ ਵਿਚ ਰਚਨਾ ਕੀਤੀ ਹੈ ਤੇ ਆਪਣੇ ਤੀਜੇ ਸਰੂਪ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਚੌਥੇ ਤੇ ਪੰਜਵੇਂ ਸਰੂਪ ਵਿਚ 30 ਰਾਗਾਂ ਵਿਚ ਬਾਣੀ ਉਚਾਰੀ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਭਗਤ ਕਬੀਰ, ਰਵਿਦਾਸ ਅਤੇ ਨਾਮ ਦੇਵ ਜੀ ਆਦਿ ਦੀ ਬਾਣੀ ਵੀ ਰਾਗਾਂ ਵਿਚ ਹੀ ਰਚੀ ਹੈ। ਸਿੱਖ ਇਤਿਹਾਸ ਅਨੁਸਾਰ ਗੁਰਬਾਣੀ ਦੇ ਪ੍ਰਥਮ, ਪ੍ਰਮੁਖ, ਸਰਵ-ਸ੍ਰੇਸ਼ਟ ਤੇ ਪਵਿਤਰ ਕਵੀ ਤਥਾ ਰਚਨਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਤੇ ਉਹ ਹੀ ਪਹਿਲੇ ਕੀਰਤਨੀਏ। ਉਨ੍ਹਾਂ ਦੇ ਇਸ ਇਲਾਹੀ ਨਾਦ ਵਿਚ ਉਸ ਸਮੇਂ ਦੇ ਪ੍ਰਸਿਧ ਸਾਜ਼ ਨਾਲ ਸੰਗਤ ਕਰਨ ਵਾਲੇ ਸਨ ਭਾਈ ਮਰਦਾਨਾ। ਕੀਰਤਨ ਦੇ ਦਾਤਾ ਸਤਿਗੁਰੂ ਨਾਨਕ ਦੇਵ ਜਦ ਰੱਬੀ ਮਸਤੀ ਵਿਚ ਝੂਮਦੇ, ਇਲਾਹੀ ਬਾਣੀ ਕਵਿਤਾ ਦੇ ਰੂਪ ਵਿਚ ਮੁਖਾਰਬਿੰਦ ਤੇ ਆਉਂਦੀ ਤਾਂ ਆਪਣੇ ਸਫਰ ਅਤੇ ਸੰਗੀਤ ਦੇ ਸਦੀਵੀਂ ਸਾਥੀ ਭਾਈ ਮਰਦਾਨਾ ਨੂੰ ਕਹਿੰਦੇ:-

"ਮਰਦਾਨਿਆਂ ਛੇੜ ਰਬਾਬ
ਬਾਣੀ ਆਈ ਹੈ।"

ਤੇ ਫਿਰ ਸਮੇਂ ਅਨੁਸਾਰ ਰਾਗਾਂ ਵਿਚ ਗਾਈ ਗਈ ਇਸ ਬਾਣੀ ਨਾਲ ਜਦ ਭਾਈ ਮਰਦਾਨੇ ਦੀ ਰਬਾਬ ਇਕ ਸੁਰ ਹੁੰਦੀ ਤਾਂ ਜੂਹਾਂ, ਜੰਗਲ ਇਸ ਇਲਾਹੀ ਕੀਰਤਨ ਨਾਲ ਗੂੰਜ ਉਠਦੇ, ਜੇਹੜਾ ਰਾਗ ਬਧ ਸੰਗੀਤ, ਕੁਦਰਤ ਨੂੰ ਕੀਲ ਕੇ ਆਪਣੇ ਅਸਰ ਨਾਲ ਮੀਂਹ ਵਸਾ ਸਕਦਾ ਹੈ, ਅਗਨੀ ਚਮਕਾ ਸਕਦਾ ਹੈ, ਸਰਪ ਨੂੰ ਝੂਮਾ ਸਕਦਾ ਹੈ, ਉਹ ਰੱਬ ਨੂੰ ਵੀ ਰੀਝਾ ਸਕਦਾ ਹੈ। ਅਕਾਲ ਪੁਰਖ ਦੀ ਉਸਤਤੀ ਦਾ ਸਭ ਤੋਂ ਵਡਾ ਸਾਧਨ ਗੁਰਬਾਣੀ ਕੀਰਤਨ ਹੈ। ਜਿਸ ਬਾਰੇ ਗੁਰੂ ਨਾਨਕ ਸਾਹਿਬ ਨੇ ਬਾਣੀ ਵਿਚ ਆਪਣੇ ਸਾਰੇ ਸਰੂਪਾਂ ਵਿਚ ਫ਼ਰਮਾਇਆ ਹੈ।

ਗਉੜੀ ਮ:4
ਹੋਮ ਜਗ ਤੀਰਥ ਕੀਏ ਬਿਚ ਹਉਮੈ ਬਧੇ ਬਿਕਾਰ।
ਨਰਕ ਸੁਰਗ ਦੁਇ ਭੁੰਚਨਾ ਹੋਇ ਬਹੁਰ ਬਹੁਰ ਅਵਤਾਰ
ਸਿਵ ਪੁਰੀ ਬ੍ਰਹਮ ਇੰਦਰਪੁਰੀ ਨਿਹਚਲ ਕੋ ਥਾਉਂ ਨਾਹਿ
ਬਿਨ ਹਰ ਸੇਵਾ ਸੁਖ ਨਹੀਂ ਹੋ ਸਾਕਤ ਆਵਹਿ ਜਾਹਿ
ਜੈਸੋ ਗੁਰ ਉਪਦੇਸਿਆ ਮੈ ਤੈਸੋ ਕਹਿਆ ਪੁਕਾਰ
ਨਾਨਕ ਕਹੈ ਸੁਨ ਰੇ ਮਨਾ 'ਕਰ ਕੀਰਤਨ' ਹੋਇ ਉਧਾਰ।

ਹਰ ਦਿਨ ਰੈਨਿ ਕੀਰਤਨ ਗਾਈਐ। ਬਹੁੜ ਨ ਜੋਨੀ ਪਾਈਐ।

ਸਾਧ ਸੰਗ ਕਲਿ ਕੀਰਤਨ ਗਾਇਆ।
ਨਾਨਕ ਤੇ ਤੇ ਬਹੁਰ ਨ ਆਇਆ।

ਹਰਿ ਕੀਰਤਿ ਸਾਧੂ ਸੰਗਤ ਹੈ ਸਿਰ ਕਰਮਨ ਕੈ ਕਰਮਾ।
ਕਹੁ ਨਾਨਕ ਤਿਸ ਭਇਉ ਪ੍ਰਾਪਤ ਜਿਸ ਪੁਰਬ ਲਿਖੇ ਕਾ ਲਹਿਣਾ।
ਤੇਰੋ ਸੇਵਕ ਇਹ ਰੰਗ ਮਾਤਾ
ਭਇਉ ਕਿਰਪਾਲੁ ਦੀਨ ਦੁਖ ਭੰਜਨ
ਹਰਿ ਹਰਿ ਕੀਰਤਨ ਇਹ ਮਨ ਰਾਤਾ।

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ
ਕਿਤੀ ਕਾਮ ਨਧਉਲਹਰ ਜਿਤ ਹਰਿ ਬਿਸਰਾਏ।

ਗੁਰੂ ਨਾਨਕ ਦੇਵ ਜੀ ਦੇ ਸੰਗ-ਭਾਈ ਮਰਦਾਨਾ ਆਪਣੀ ਰਬਾਬ ਨਾਲ ਇਤਨੇ ਇਕ ਸੁਰ ਹੋਏ ਕਿ ਜਦੋਂ ਗੁਰੂ ਨਾਨਕ ਦੇਵ ਜੀ ਦੀ ਪਵਿਤਰ ਬਾਣੀ ਯਾਦ ਆਉਂਦੀ ਹੈ, ਗੁਰੂ ਜੀ ਦਾ ਸ਼ਾਂਤਮਈ ਸੂਖਮ ਸਰੂਪ ਸਾਹਮਣੇ ਆਉਂਦਾ ਹੈ ਤੇ ਨਾਲ ਹੀ ਭਾਈ ਮਰਦਾਨਾ ਆਪਣੇ ਭੋਲੇ ਪਨ ਵਿਚ ਕਦੇ ਗੁਰੂ ਸਾਹਿਬ ਤੇ ਗਿਲ੍ਹੇ ਉਲਾਂਭੇ ਕਢਦਾ, ਰੁਸਦਾ, ਕੀਰਤਨ ਦੇ ਦਾਤਾ ਗੁਰੂ ਨਾਲ ਲਾਡ ਲਡਾਉਂਦਾ ਸਾਮ੍ਹਣੇ ਆ ਜਾਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਸਰੋਵਰ ਦੇ ਸਾਜਨਹਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਦੁਤੀ ਦਾਤ ਮਨੁਖਤਾ ਨੂੰ ਦੇਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੀਰਤਨ ਕਰਨ ਤੇ ਸੁਣਨ ਨੂੰ ਸਿਖੀ ਮਾਰਗ ਦਾ ਇਕ ਉਚਾ ਆਦਰਸ਼ ਦਰਸਾਇਆ। ਆਪ ਆਪਣੇ ਕੀਰਤਨੀਏ ਭਾਈ ਸੱਤਾ ਤੇ ਬਲਵੰਡ ਨੂੰ ਰੁਸਿਆਂ ਨੂੰ ਮਨਾਉਣ ਲਈ ਗਏ। ਗੁਰੂ ਰਾਮ ਦਾਸ ਦੇ ਦਰਬਾਰ, ਸ੍ਰੀ ਹਰਿਮੰਦਰ ਸਾਹਿਬ ਵਿਚ ਸਵੇਰੇ ਢਾਈ ਵਜੇ ਤੋਂ ਲੈ ਕੇ ਰਾਤ ਨੌ ਵਜੇ ਤਕ ਲਗਾਤਾਰ ਕੀਰਤਨ ਹੁੰਦਾ ਹੈ ਕੇਵਲ ਗੁਰਬਾਣੀ ਦਾ।

ਸ਼ਬਦ ਕੀਰਤਨ ਦਾ ਸਬੰਧ ਸਿੱਖੀ ਜੀਵਨ ਜੀਣ ਵਾਲਿਆਂ ਨਾਲ ਕਿਤਨਾ ਮੁਤਵਾਤਰ ਤੇ ਡੂੰਘਾ ਹੈ। ਇਕ ਬਦੇਸ਼ੀ ਇਤਿਹਾਸਕਾਰ ਨੇ, ਜਿਹੜਾ ਕੀਰਤਨ ਦੀ ਆਤਮਕ ਮਹੱਤਤਾ ਤੋਂ ਅਣਜਾਣ ਸੀ, ਸਿੱਖਾਂ ਬਾਰੇ ਬੜੇ ਹੈਰਾਨੀ ਤੇ ਨਫਰਤ ਭਰੇ ਲਹਿਜੇ ਵਿਚ ਲਿਖ ਗਿਆ--
"ਇਹ ਲੋਕ ਸਵੇਰ ਸ਼ਾਮ ਆਪਣੇ ਧਰਮ ਮੰਦਰਾਂ ਵਿਚ ਗਾਉਂਦੇ ਨੇ। ਇਨ੍ਹਾਂ ਦੇ ਘਰਾਂ ਵਿਚ ਕਿਸੇ ਬੱਚੇ ਦਾ ਜਨਮ ਹੋਵੇ ਜਾਂ ਸ਼ਾਦੀ, ਗਾਣਾ ਜ਼ਰੂਰ ਹੁੰਦਾ ਹੈ। ਇਥੋਂ ਤਕ ਕਿ ਜੇ ਇਨ੍ਹਾਂ ਵਿਚ ਕੋਈ ਪ੍ਰਲੋਕ ਸਿਧਾਰ ਜਾਏ ਤਾਂ ਉਸ ਦਾ ਅੰਤਮ ਸੰਸਕਾਰ ਕਰਕੇ ਵੀ ਆ ਕੇ ਗਾਉਂਦੇ ਤੇ ਗਾਣਾ ਸੁਣਦੇ ਤੇ ਫਿਰ ਹਲਵਾ ਵੰਡਦੇ ਨੇ।"

ਪ੍ਰੰਤੂ ਗੁਰਮਤ ਵਿਚ ਕੀਰਤਨ ਆਤਮਕ ਖੁਰਾਕ ਹੈ। ਮੁਕਤੀ ਦੇ ਮਾਰਗ ਦੇ ਢੂੰਡਾਊਆਂ ਲਈ ਚਾਨਣ ਮੁਨਾਰਾ ਹੈ।

ਸ਼ਬਦ ਕੀਰਤਨ ਜਾਂ ਗੁਰਮਤ ਸੰਗੀਤ ਬਾਰੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਗੁਰੂ ਆਸੇ ਨੂੰ ਦਰਸਾਂਦਿਆਂ ਲਿਖਿਆ ਹੈ।

"ਪੰਜਵੇ ਗੁਰੂ ਅਰਜਨ ਦੇਵ ਜੀ ਦਾ ਵਿਸ਼ੇਸ਼ ਧਿਆਨ ਧਾਰਨਾਂ ਜਾਂ ਤਰਜ਼ਾਂ ਵਲ ਇਸ ਲਈ ਸੀ ਕਿ ਸ਼ਬਦ ਰਾਗ ਦੀ ਐਸੀ ਤਰਜ਼ ਵਿਚ ਗਾਇਆ ਜਾਏ ਕਿ ਉਸ ਵਿਚ ਸੰਗੀਤਕ ਕਾਇਦਿਆਂ ਅਨੁਸਾਰ ਅਰਥ, ਭਾਵ ਤੇ ਸੰਗੀਤ ਦਾ ਸੁਮੇਲ ਸਿਖਲਾਇਆ ਜਾਵੇ। ਇਹ ਭੇਤ ਰਬਾਬੀਆਂ ਪਾਸ ਹੁਣ ਤਕ ਰਹੇ। ਪਰ ਕੁਝ ਚਿਰ ਤੋਂ ਹੁਣ ਰਾਗੀਆਂ ਨੇ ਇਨ੍ਹਾਂ ਗੱਲਾਂ ਨੂੰ ਛੱਡ ਦਿੱਤਾ ਹੈ ਤੇ ਕੇਵਲ ਵਿਰਲੇ ਹਨ ਜਿਨ੍ਹਾਂ ਪਾਸ ਸਨਾਤਨ ਧਾਰਨਾਂ ਤੇ ਗੁਰਮਤ ਸੰਗੀਤ ਦੇ ਅਸੂਲਾਂ ਦਾ ਥਹੁ ਹੈ। ਨਾਟਕ ਦੀਆਂ ਚਲੰਤ ਤਰਜ਼ਾਂ ਤੇ ਮਿਲਵੇਂ ਰਾਗਾਂ ਦੀਆਂ ਧਾਰਨਾਂ ਅਰ ਟੱਪੇ ਦੀ ਗਵਾਈ ਦਾ ਟੁੱਟਾ ਫੁੱਟਾ ਸਾਮਾਨ ਲੈ ਕੇ ਗੁਰਸ਼ਬਦ ਉਨ੍ਹਾਂ ਰਾਗਾਂ ਵਿਚ ਗਾਏ ਜਾਂਦੇ ਹਨ ਜੋ ਅਰਥ ਭਾਵ ਨਾਲ ਮੇਲ ਨਹੀਂ ਖਾਂਦੇ।

ਸਮੇਂ ਦੀ ਰਫ਼ਤਾਰ, ਸੰਗੀਤ ਦੇ ਨਵੇਂ ਢੰਗਾਂ, ਬਣਾਏ ਗਏ ਨਵੇਂ ਸਾਜ਼ਾਂ ਤੇ ਪਛੱਮ ਤੋਂ ਲਏ ਪ੍ਰਭਾਵਾਂ ਨੇ ਸ਼ਬਦ ਕੀਰਤਨ ਦਾ ਮੁਹਾਂਦਰਾ ਵੀ ਵਟਾ ਕੱਢਿਆ ਹੈ। ਰਬਾਬ, ਸਰੰਦਾ, ਦਿਲਰੁਬਾ, ਆਦਿ ਦੇ ਤੰਤੀ ਸਾਜ਼ਾਂ ਨੂੰ ਹਾਰਮੋਨੀਅਮ ਨੇ ਜਿਵੇਂ ਹੂੰਝਾ ਫੇਰ ਕੇ ਕੀਰਤਨ ਦੇ ਖੇਤਰ ਵਿਚੋਂ ਖਾਰਜ ਹੀ ਕਰ ਦਿੱਤਾ ਹੈ। ਪੁਰਾਣੇ ਸਾਜ਼ਾਂ ਦੇ ਸਿੱਖਣ ਲਈ ਨਾ ਰੁਚੀ ਹੈ ਨਾ ਹੀ ਸਮਝ ਤੇ ਸਬਰ। ਬਹੁਤੇ ਕੀਰਤਨੀਆਂ ਨੂੰ ਨ ਤਾਂ ਗੁਰਬਾਣੀ ਦਾ ਡੂੰਘਾ ਅਭਿਆਸ ਤੇ ਗਿਆਨ ਹੈ ਤੇ ਨ ਹੀ ਸੰਗੀਤ ਦੀ ਸਮਝ। ਸਿੱਟਾ ਇਹ ਹੈ ਕਿ ਭਾਵ ਪ੍ਰਧਾਨ ਕੀਰਤਨ ਕਦੇ ਕਦੇ ਕਿਸੇ ਵਿਰਲੇ ਰਾਗੀ ਤੋਂ ਸੁਣਨ ਵਿਚ ਆਉਂਦਾ ਹੈ ਜਿਹੜਾ ਗੁਰਬਾਣੀ ਦਾ ਗਿਆਤਾ ਤੇ ਰਾਗ ਦਾ ਰਸੀਆ ਹੋਵੇ। ਰਬਾਬੀ ਲੋਕ ਦੇਸ਼ ਦੀ ਵੰਡ ਨਾਲ ਇਸ ਖੇਤਰ ਚੋਂ ਖਾਰਜ ਹੋ ਗਏ ਹਨ। ਗੁਰਸਿਖ ਰਾਗੀ ਜਿਨ੍ਹਾਂ ਵਿਚ ਭਾਈ ਸਾਹਿਬ ਸੁੰਦਰ ਸਿੰਘ ਜੀ ਦਾ ਨਾਂ ਕੁਝ ਹੋਰ ਨਾਵਾਂ ਨਾਲ ਸਤਿਕਾਰ ਨਾਲ ਲਿਆ ਜਾ ਸਕਦਾ ਹੈ ਅਲੋਪ ਹੋ ਚੁਕੇ ਹਨ।

ਹੁਣ ਦੇ ਸ਼ਬਦ ਕੀਰਤਨ ਨੂੰ ਜਿਹੜਾ ਸਿਖ ਧਰਮ ਦੇ ਹਜ਼ਾਰਾਂ ਗੁਰ ਅਸਥਾਨਾਂ ਵਿਚ ਸੁਣਨ ਵਿਚ ਆਉਂਦਾ ਹੈ ਕੁਝ ਇਨਾਂ ਪ੍ਰਕਾਰਾਂ ਵਿਚ ਵੰਡਿਆ ਜਾ ਸਕਦਾ ਹੈ:-

1. ਸੰਗੀਤ ਪ੍ਰਧਾਨ ਕੀਰਤਨ-ਰਬਾਬੀ ਤੇ ਨਿਪੁੰਨ ਰਾਗੀਆਂ ਦਾ ਕੀਰਤਨ ਢੰਗ।
2. ਸ਼ਬਦ ਪ੍ਰਧਾਨ ਕੀਰਤਨ-ਜਿਹਾ ਕਿ ਭਾਈ ਸੁਰਜਨ ਸਿੰਘ ਜੀ।
3. ਵਿਸ਼ਾ ਤੇ ਪ੍ਰਮਾਣ ਪ੍ਰਧਾਨ ਕੀਰਤਨ-ਇਕ ਵਿਸ਼ੇ ਤੇ ਗੁਰਬਾਣੀ ਦੇ ਪ੍ਰਮਾਣ- ਭਾਈ ਚਾਂਦ ਜੀ।
4. ਵਿਆਖਿਆ ਪ੍ਰਧਾਨ ਕੀਰਤਨ -ਜਿਸ ਵਿਚ ਕਥਾ ਦਾ ਅੰਸ਼ ਕੀਰਤਨ ਤੋਂ ਵਧੀਕ ਹੈ - ਭਾਈ ਸਾਹਿਬ ਹੀਰਾ ਸਿੰਘ ਜੀ।
5. ਸਾਜ਼ ਪ੍ਰਧਾਨ ਕੀਰਤਨ, ਜਿਹਾ ਕਿ ਢੱਡ ਚਮਟਾ ਆਦਿ ਨਾਲ।
6. ਸਾਮੂਹਕ ਕੀਰਤਨ ਜਿਸ ਵਿਚ ਸਾਰੀ ਸੰਗਤ ਸ਼ਾਮਲ ਹੋ ਜਾਂਦੀ ਹੈ।
7. ਤਰਜ਼ ਪਰਧਾਨ ਕੀਰਤਨ- ਫਿਲਮਾਂ ਦੀਆਂ ਤੇ ਹੋਰ ਲੋਕ ਸੰਗੀਤ ਦੀਆਂ ਪ੍ਰਚਲਤ ਤਰਜ਼ਾਂ ਤੇ ਸ਼ਬਦਾਂ ਦਾ ਕੀਰਤਨ ਕਰਨਾ।
8. ਇਕ ਪ੍ਰਕਾਰ ਦਾ ਹੋਰ ਕੀਰਤਨ ਹੈ ਜਿਹੜਾ ਕੀਰਤਨ ਦੀ ਮਹੱਤਤਾ ਤੋਂ ਅਣਜਾਣ ਜਾਂ ਮਾਇਆ ਇਕੱਠੀ ਕਰਨ ਦੇ ਲੋਭ ਵਿਚ ਗਰਸੇ ਰਾਗੀ ਕਰਦੇ ਹਨ ਉਹ ਹੈ-

ਮਾਇਆ ਤੇ ਅਰਦਾਸ ਭੇਟ ਪ੍ਰਧਾਨ ਕੀਰਤਨ ਜਿਸ ਵਿਚ ਹਰ ਇਕ ਅਧੀ ਤੁਕ ਗਾਉਣ ਮਗਰੋਂ ਕਿਸੇ ਪ੍ਰੇਮੀ ਵਲੋਂ ਭੇਜੀ ਮਾਇਆ ਦਾ ਵਡੇ ਵਿਸ਼ੇਸ਼ਣਾ ਨਾਲ ਜ਼ਿਕਰ ਹੁੰਦਾ ਹੈ ਤੇ ਕੀਰਤਨ ਦੇ ਰਸ ਨੂੰ ਪੈਦਾ ਹੋਣ ਤੋਂ ਰੋਕਿਆ ਜਾਂਦਾ ਹੈ।

ਸ਼ਬਦ ਕੀਰਤਨ ਕਰਨਾ ਤੇ ਸੁਣਨਾ ਗੁਰਬਾਣੀ ਦੇ ਪ੍ਰੇਮੀਆਂ ਲਈ ਇਕ ਇਲਾਹੀ ਸਰੂਰ ਦਾ ਸੋਮਾ ਹੈ। ਗੁਰਬਾਣੀ ਦਾ ਡੂੰਘਾ ਗਿਆਨ ਤੇ ਸੰਗੀਤ ਦੀ ਸਿਆਣੀ ਸੂਝ, ਤੰਤੀ, ਸਾਜ਼ਾਂ, ਤਬਲਾ, ਮਿਰਦੰਗ, ਢੋਲਕ, ਕੈਂਸੀਆਂ ਆਦਿ ਦੇ ਸੁਰੀਲੇ ਸੁਮੇਲ ਨਾਲ ਹੀ ਕੀਰਤਨੀਏ ਇਸ ਅੰਮ੍ਰਿਤ ਮਈ ਸੋਮੇ ਨੂੰ ਆਪਣੀ ਪਵਿਤ੍ਰ ਧਾਰਾ ਵਿਚ ਵਹਾ ਸਕਦੇ ਹਨ।

ਬੇਸੁਰੇ ਸਾਜ਼, ਗੈਰ ਜ਼ਰੂਰੀ ਲਾਊਡ ਸਪੀਕਰ, ਤੇ ਅੱਖਾਂ ਨੂੰ ਚੁੰਧਿਆਦੀਆਂ ਬਿਜਲੀ ਦੀਆਂ ਬੱਤੀਆਂ, ਗੁਰਬਾਣੀ ਦੇ ਵਿਸ਼ੇ ਦੇ ਉਲਟ ਸੰਗੀਤਕ ਤਰਜ਼ਾਂ, ਸ਼ਬਦ ਕੀਰਤਨ ਦੇ ਰਸ ਨੂੰ ਰੋਕ ਪਾਂਦੇ ਨੇ।

ਸ਼ਬਦ ਕੀਰਤਨ ਮੁਖ ਤੌਰ ਤੇ ਮਨ ਦੀ ਮੌਜ, ਰੂਹ ਦੀ ਖੁਰਾਕ ਤੇ ਆਤਮਾ ਨੂੰ ਉੱਚਾ ਚੁਕ ਕੇ ਅਰਸ਼ਾਂ ਦੀ ਛੁਹ ਪ੍ਰਾਪਤ ਕਰਨ ਦਾ ਸਾਧਨ ਹੈ। ਜਿਹੜੀ ਆਵਾਜ਼, ਜਿਹੜਾ ਸਾਜ਼, ਜਿਹੜੀ ਤਰਜ਼ ਤੇ ਆਲੇ ਦੁਆਲੇ ਦੇ ਜਿਹੜੇ ਪ੍ਰਭਾਵ ਭਾਵੇਂ ਉਹ ਪ੍ਰਬੰਧ ਦੇ ਰੂਪ ਵਿਚ ਹੋਣ ਜਾਂ ਪੈਸੇ ਦੀ ਸ਼ਕਲ ਵਿਚ ਇਸ ਦੇ ਅੰਮ੍ਰਿਤ ਰੂਪੀ, ਰਸ ਵਿਚ ਫਿਕ ਪਾਂਦੇ ਹਨ, ਕੁੜਿਤਨ ਘੋਲਦੇ ਹਨ ਤੇ ਇਸ ਦੇ ਮੂਲ ਆਸੇ ਦੇ ਵਿਰੋਧੀ ਹਨ। ਸ਼ਬਦ ਕੀਰਤਨ ਦਾ ਆਦਰਸ਼ ਹੈ-

ਮਾਈ ਜੋ ਪ੍ਰਭ ਕੇ ਗੁਨ ਗਾਵੇ,
ਸਫਲ ਆਇਆ ਜੀਵਨ ਫਲ ਤਾਕੋ
ਪਾਰ ਬ੍ਰਹਮ ਲਿਵ ਲਾਵੇ। ਮ: 4

ਸਭਨਾਂ ਰਾਗਾਂ ਵਿਚ ਸੋ ਭਲਾ ਭਾਈ ਜਿਤ ਵਸਿਆ ਮਨ ਆਹਿ
ਰਾਗ ਨਾਦ ਸਭ ਸਚ ਹੈ ਕੀਮਤ ਕਹੀ ਨਾ ਜਾਇ।

********

## ਮੇਰੇ ਰੱਬ

**ਮਨਮੋਹਨ ਸਿੰਘ ਦਾਊਂ**

ਸਿਰਜਣਾ ਦੀ ਸ਼ਿਲਪ
ਮੇਰਾ ਰੱਬ ਹੈ,
ਜੋ ਨਿਰਭਉ ਤੇ ਨਿਰਵੈਰ ਹੈ।
ਘਿਰਨਾ ਦੇ ਹਨੇਰਿਆ ਤੋਂ
ਉਹ ਦੂਰ ਹੈ
ਜ਼ਾਤ ਅਤੇ ਪਾਤ ਤੋਂ
ਆਜ਼ਾਦ ਹੈ।
ਕਿਣਕੇ ਦੇ ਅਕਾਰ ਤੋਂ
ਬ੍ਰਹਿਮੰਡ ਦੇ ਫੈਲਾਅ ਤੱਕ
ਉਸਦਾ ਪਸਾਰ ਹੈ।
ਦ੍ਰਿਸ਼ਟ ਹੈ, ਆਦ੍ਰਿਸ਼ਟ ਹੈ
ਧਰਮ ਦਿਆਂ ਝੱਖੜਾਂ ਤੋਂ
ਰਹਿਤ ਹੈ,
ਜ਼ਿੰਦਗੀ ਦੀ ਤੋਰ ਦੀ ਉਹ
ਬਹਿਰ ਹੈ,
ਧਰਤ-ਪਤਾਲ-ਅਕਾਸ਼
ਉਸ ਦੀ ਠਹਿਰ ਹੈ।
ਪ੍ਰਾਰਥਨਾ ਦੀ ਸੋਝੀ ਵਾਲਾ
ਕੀਰਤੀ ਦਾ ਹੱਥ ਹੈ।
ਵੈਰ ਤੇ ਵਿਰੋਧ
ਉਸ ਦੀ ਤੇਗ ਨਹੀਂ
ਉਹ ਤੇ ਇੱਛਾ-ਪੂਰਨ
ਬਖਸ਼ਸ਼ਾਂ ਦਾ ਬਿਰਖ ਹੈ
ਜੋ ਸਭ ਲਈ
ਇੱਕੋ ਰੂਪ ਨੂਰ ਹੈ
ਤੇ ਤੂਰ ਹੈ।
ਉਹ ਤੂਫਾਨਾਂ ਅਤੇ ਝੱਖੜਾਂ ਵਿੱਚ
ਦੇਵਤੇ ਬਣਾਉਣ ਲਈ
ਸੰਗੀਤ ਦੀ ਰਬਾਬ ਹੈ।
ਜੀਵਾਂ ਦਿਆਂ ਦਿਲਾਂ ਵਿੱਚ
ਵੱਸਣ ਵਾਲਾ
ਸੱਚਾ ਸੁੱਚਾ ਗੀਤ ਹੈ,
ਮੇਰਾ ਰੱਬ---
ਦੀਨ ਅਤੇ ਦੁਨੀ ਲਈ
ਸਭਨਾ ਦਾ ਮੀਤ ਹੈ!!


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿਚ ਰਚੀਆਂ ਨਿਵਕੇਲੀਆਂ ਸੁਰ ਲਿਪੀਆਂ। ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।
**ਸੰਪਾਦਕ:** ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ: ਤਾਰਾ ਸਿੰਘ। ਡਾ. ਗੁਰਨਾਮ ਸਿੰਘ ਪੰਜਾਬੀ ਯੂਨੀ: ਪਟਿਆਲਾ
ਪ੍ਰਕਾਸ਼ਕ : ਅੰਮ੍ਰਿਤ ਕੀਤਰਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ- 160 015

# ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ

ਮਨਜੀਤ ਸਿੰਘ (ਕਲਕਤਾ)

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਧਰਮੀ ਗੁਰਸਿੱਖ ਜੀਵੜਿਆਂ ਲਈ ਪ੍ਰਮਾਤਮਾਂ ਦਾ ਨਿਵਾਸ ਸਥਾਨ, ਦੇਵੀ ਜੋਤਿ ਦੇ ਪ੍ਰਕਾਸ਼ ਦਾ ਗਿਆਨ ਸ੍ਰੋਤ, ਸੱਚ ਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਉਸਰਿਆ ਅਨਮੋਲ ਬਸੇਰਾ ਹੈ। ਇਸ 'ਧਰਤਿ ਸੁਹਾਵੀ' ਦਾ ਨਿਰਮਾਣ ਕਾਰਜ, ਚੌਥੇ ਗੁਰੂ ਸਾਹਿਬ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਰ-ਕਮਲਾਂ ਦੁਆਰਾ ਆਰੰਭਿਆ ਗਿਆ ਸੀ। ਨਗਰ ਨਿਰਮਾਣ ਕਾਰਜ, ਸਿੱਖਾਂ ਨੂੰ ਵਿਰਸੇ ਵਿਚ ਪ੍ਰਾਪਤ ਸੀ। ਅੰਮ੍ਰਿਤਸਰ ਤੋਂ ਪੂਰਵ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ, ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਅਤੇ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਆਦਿ ਧਾਰਮਿਕ ਕੇਂਦਰਾਂ ਦੀ ਉਸਾਰੀ ਕੀਤੀ।

ਸ੍ਰੀ ਦਰਬਾਰ ਸਾਹਿਬ ਦੀਆਂ ਬਹੁ-ਭਾਂਤੀ ਵਿਲੱਖਣ ਪਰੰਪਰਾਵਾਂ ਹਨ। ਜਿਨ੍ਹਾਂ ਵਿਚੋਂ ਕੀਰਤਨ ਪਰੰਪਰਾ ਸਿੱਖ ਗੁਰੂਆਂ ਦੀ ਮਹਾਨ ਦੇਣ ਹੈ। ਅਨੂਪ ਰਾਮਦਾਸ ਪੁਰ ਵਿਚ ਸਥਾਪਤ ਸਿੱਖੀ ਦੇ ਇਸ ਮਹਾਨ ਕੇਂਦਰ ਦੀ ਧਰਮ ਦਰਸ਼ਨ ਅਤੇ ਸਾਹਿਤਕ ਦੇਣ ਤਾਂ ਸਿੱਖ ਵਿਦਵਾਨਾਂ ਦੇ ਅਧਿਐਨ ਦਾ ਕੇਂਦਰ ਬਿੰਦੂ ਬਣ ਰਹੀ ਹੈ। ਇਥੇ ਸੰਗੀਤ ਕੇਵਲ ਕਲਾ-ਪ੍ਰਦਰਸ਼ਨੀ ਜਾਂ ਮਨ-ਪ੍ਰਚਾਵਾ ਨਹੀਂ ਸਗੋਂ ਪ੍ਰਭੂ ਕੀਰਤੀ, ਪ੍ਰਭੂ ਭਗਤੀ ਲਈ ਉਪਯੋਗੀ ਸਾਧਨ ਜਾਂ ਸੰਚਾਰ ਜੁਗਤ, ਅਲਾਹੀ ਗੁਰਬਾਣੀ ਦੀ ਭਾਸ਼ਾ ਨੂੰ ਰਾਗਮਈ, ਨਾਦਮਈ ਤੇ ਲੈਆਤਮਿਕ ਰੂਪ ਪ੍ਰਦਾਨ ਕਰਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦਾ ਕੀਰਤਨ ਮਨ ਪ੍ਰਚਾਵਾ ਨਹੀਂ ਸਗੋਂ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦਾ ਸਾਧਨ ਹੈ। ਏਥੇ ਰਾਗੀ ਸਿੰਘ ਨਾ ਸ਼ਬਦ ਭੇਟਾ ਦੀ ਅਰਦਾਸ, ਨਾ ਵਿਆਖਿਆ ਅਤੇ ਨਾ ਹੀ ਸਟੇਜਾਂ ਵਾਂਗ ਕੋਈ ਸੂਚਨਾ ਦੇ ਸਕਦਾ ਹੈ। ਗੁਰਬਾਣੀ, ਕੀਰਤਨ ਅਰਦਾਸ ਅਤੇ ਮਹਾਂਵਾਕ ਤੋਂ ਛੁੱਟ ਕਿਸੇ ਪ੍ਰਕਾਰ ਦਾ ਬਚਨ-ਬਿਲਾਸ ਨਹੀਂ ਕੀਤਾ ਜਾ ਸਕਦਾ। ਇਥੋਂ ਤੱਕ ਕਿ ਅਰਦਾਸ ਉਪਰੰਤ 'ਆਗਿਆ ਭਈ ਅਕਾਲ ਕੀ' ਵਾਲਾ ਦੋਹਰਾ ਅਤੇ ਬੋਲੋ ਸੋ ਨਿਹਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਣ ਦੀ ਵੀ ਪਰੰਪਰਾ ਨਹੀਂ ਹੈ। ਸ੍ਰੀ ਹਰਿਮੰਦਰ ਸਾਹਿਬ ਗੁਰਬਾਣੀ ਵਿਚ ਕਥਨ ਕੀਤੇ ਸੁਹਾਵੇ ਥਾਨ, ਬੈਕੁੰਠ ਧਾਮ, ਬੇਗਮਪੁਰੇ ਸੱਚਖੰਡ ਆਦਿ ਦਾ ਸਾਕਾਰ ਰੂਪ ਹੈ। ਗੁਰਬਾਣੀ ਅਨੁਸਾਰ ਜੀਵ ਦੀ ਪਰਮਲੋਚਾ ਕੀਰਤਨ ਕਰਨਾ ਅਥਵਾ ਪ੍ਰਭੂ ਕੀਰਤੀ, ਪ੍ਰਮਾਤਮਾ ਦੇ ਗੁਣ ਗਾਉਣਾ ਹੀ ਹੈ। ਸ੍ਰੀ ਹਰਿਮੰਦਰ ਸਾਹਿਬ ਨੂੰ ਉਸਾਰਨ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਅਸਥਾਨ ਨੂੰ ਬੈਕੁੰਠ ਆਖਦੇ ਹਨ ਜਿਥੇ ਕੀਰਤਨ ਹੁੰਦਾ ਹੈ ਅਤੇ ਉਸ ਅਸ਼ਥਾਨ ਨੂੰ ਸਾਰੇ ਅਸਥਾਨ ਤੋਂ ਉਤਮ ਕਿਹਾ ਗਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਮਰਯਾਦਾ ਦਾ ਅਧਿਐਨ ਕਰਨ ਉਪਰੰਤ ਇਹ ਸਿੱਧ ਹੈ ਕਿ ਐਸਾ ਕੋਈ ਸਥਾਨ ਨਹੀਂ ਜਿਥੇ ਸ੍ਰੀ ਹਰਿਮੰਦਰ ਸਾਹਿਬ ਵਾਂਗ ਦਿਨ-ਰਾਤ ਇਕ ਨਿਰਧਾਰਤ ਮਰਯਾਦਾ ਅਨੁਸਾਰ ਕੀਰਤਨ ਪਰੰਪਰਾ ਹੋਵੇ।

ਸ੍ਰੀ ਹਰਿਮੰਦਰ ਸਾਹਿਬ ਵਿਚ ਮੌਸਮ ਦੇ ਰਾਗਾਂ ਦਾ ਵੀ ਧਿਆਨ ਰਖਿਆ ਜਾਂਦਾ ਹੈ। ਬਸੰਤ, ਮਾਘੀ ਵਾਲੇ ਦਿਨ ਸ਼ੁਰੂ ਹੁੰਦਾ ਹੈ ਅਤੇ ਹੋਲੇ-ਮਹੱਲੇ ਤਕ ਗਾਇਆ ਜਾਂਦਾ ਹੈ। ਸਾਉਣ ਭਾਦੋਂ ਵਿਚ ਮਲਾਰ ਦਾ ਰਾਜ ਹੁੰਦਾ ਹੈ ਅਤੇ ਹਰਿ ਜਸ ਵਿਚ ਲੀਨ ਕੀਰਤਨੀਆਂ ਦਾ ਕੀਰਤਨ ਸੁਣ ਕੇ ਉਹਨਾਂ ਦੀ ਸੰਗੀਤ ਕਲਾ ਤੋਂ ਵੱਡੇ-ਵੱਡੇ ਗਵੱਈਏ ਅਤੇ ਹੋਰ ਮਹਾਂ ਪੁਰਖ ਵੀ ਪ੍ਰਭਾਵਿਤ ਹੁੰਦੇ ਹਨ।

ਰਾਗਾਂ ਵਿਚ ਗੁਰਬਾਣੀ ਦੇ ਗਾਇਨ ਨੂੰ ਕੀਰਤਨ ਦੀ ਸੰਗਿਆ ਦਿੱਤੀ ਜਾਂਦੀ ਹੈ। ਭਾਵ ਗੁਰਬਾਣੀ ਨੂੰ ਰਾਗਾਂ ਵਿਚ ਗਾਉਣਾ ਪ੍ਰਭੂ ਕੀਰਤੀ ਕਰਨਾ ਹੀ ਕੀਰਤਨ ਹੈ। ਅਸੀਂ ਕਹਿ ਸਕਦੇ ਹਾਂ ਕਿ ਕੀਰਤਨ ਉਸ ਗੁਰਬਾਣੀ ਦੇ ਰਾਗਾਂ ਵਿਚ ਗਾਇਨ ਨੂੰ ਕਹਿੰਦੇ ਹਨ ਜਿਸ ਵਿਚ ਅਕਾਲ ਪੁਰਖ ਦੀ ਕੀਰਤੀ ਕੀਤੀ ਜਾਵੇ ਕੀਰਤਨ ਸਿੱਖ ਧਰਮ ਦੀ ਭਗਤੀ ਦਾ ਇਕ ਵਿਸ਼ੇਸ਼ ਅੰਗ ਹੈ। ਜਿਨ੍ਹੀ ਮਹਾਨਤਾ ਸਿੱਖ ਧਰਮ ਵਿਚ ਕੀਰਤਨ ਨੂੰ ਪ੍ਰਦਾਨ ਕੀਤੀ ਗਈ ਹੈ ਉਹ ਦੂਜੇ ਧਰਮਾਂ ਦੇ ਮੁਕਾਬਲੇ ਲਾਸਾਨੀ ਹੈ। ਗੁਰਬਾਣੀ ਵਿਚ ਅਨੇਕਾਂ ਗੁਰਵਾਕ ਆਉਂਦੇ ਹਨ ਜਿੰਨ੍ਹਾਂ ਵਿਚ ਕੀਰਤਨ ਨੂੰ ਆਤਮਿਕ ਉਸਾਰੀ ਲਈ ਸਰਵੋਤਮ ਮਾਰਗ ਮੰਨਿਆ ਹੈ। ਇਸ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ:-

'ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥

ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ। (ਪੰਨਾ 642)

'ਕੀਰਤਨ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ॥' (ਪੰਨਾ 883)

'ਰਾਜ ਲੀਲਾ ਤੇਰੈ ਨਾਮਿ ਬਨਾਈ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ॥ (ਪੰਨਾ 375)

ਆਦਿ ਅਨੇਕਾਂ ਸ਼ਬਦ ਵਿਚਾਰਨ ਯੋਗ ਹਨ।

ਕੀਰਤਨ ਕਰਨਾਂ ਜਾਂ ਸੁਣਨਾ ਅਧਿਆਤਮਿਕ ਸਾਧਨਾਂ ਦਾ ਇਕ ਪ੍ਰਮੁੱਖ ਅੰਗ ਹੈ। ਇਸ ਨਾਲ ਮਨੁੱਖ ਇਕ ਚੰਗਾ ਸਮਾਜਿਕ ਜੀਵ ਬਣਦਾ ਹੈ ਕਿਉਂਕਿ ਕੀਰਤਨ ਕਰਨ ਜਾਂ ਸਰਵਣ ਕਰਨ ਵਾਲਾ ਮਨੁੱਖ ਹਮੇਸ਼ਾਂ ਗੁਰਬਾਣੀ ਦੇ ਭਾਣੇ ਅਨੁਸਾਰ ਜੀਵਨ ਬਸਰ ਕਰੇਗਾ ਤੇ ਸਮਾਜ ਲਈ ਮਾਨਵ ਸਾਬਤ ਹੋਵੇਗਾ।

ਸ੍ਰੀ ਦਰਬਾਰ ਸਾਹਿਬ ਦੀ ਇਹ ਵਿਲੱਖਣ ਕੀਰਤਨ ਪਰੰਪਰਾ, ਪ੍ਰਭੂ ਨਾਲੋਂ ਵਿਛੜੀਆਂ ਰੂਹਾਂ ਨੂੰ ਮੇਲਣ ਤੇ ਟੁੱਟੀਆਂ ਸੁਰਤਾਂ ਨੂੰ ਜੋੜਨ ਤੇ ਮਾਨਵ ਮਨ ਨੂੰ ਸੰਸਾਰਿਕ ਮੰਡਲ ਨਾਲੋਂ ਤੋੜ ਅਧਿਆਤਮਿਕ ਮੰਡਲ ਨਾਲ ਜੋੜਨ ਦਾ ਉਤਮ ਸਾਧਨ ਹੈ।

ਸ੍ਰੀ ਦਰਬਾਰ ਸਾਹਿਬ ਹੁੰਦੇ ਰੱਬੀ ਬਾਣੀ ਦੇ ਕੀਰਤਨ ਦੁਨੀਆਂ ਦੇ ਹਰ ਕੋਨੇ ਵਿਚ ਸੁਨਾਉਣ ਹਿੱਤ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀਆਂ ਕੋਸ਼ਿਸ਼ਾਂ ਸਦਕਾ ਹੀ ਭਾਰਤ ਸਰਕਾਰ ਦੇ ਅਦਾਰੇ ਆਲ ਇੰਡੀਆ ਰੇਡੀਓ ਤੋਂ ਅੰਮ੍ਰਿਤ ਵੇਲੇ ਅਤੇ ਸ਼ਾਮੀ ਸੰਧਿਆ ਸਮੇਂ ਕੀਰਤਨ ਰੀਲੇਅ ਕੀਤਾ ਜਾਂਦਾ ਹੈ।

ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁ: ਪ੍ਰ:

ਕਮੇਟੀ ਦੀ ਸਹਿਯੋਗ ਅਗਵਾਈ ਵਿਚ ਇਤਿਹਾਸਕ ਫੈਸਲਾ ਕਰਦਿਆਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸ੍ਰੀ ਅੰਮ੍ਰਿਤਸਰ ਵਿਚ ਇਕ ਇੰਟਰਨੈਟ ਕੇਂਦਰ ਸਥਾਪਤ ਕਰਨ ਦਾ ਇਤਿਹਾਸਕ ਫੈਸਲਾ ਕੀਤਾ ਹੈ। ਇਸ ਆਧੁਨਿਕ ਤਕਨੀਕ ਨਾਤੇ ਵਿਸ਼ਵ ਭਰ ਵਿਚ ਵੱਸੇ ਗੁਰਸਿੱਖ ਪ੍ਰਾਣੀਆਂ ਦਾ ਸ੍ਰੀ ਹਰਿਮੰਦਰ ਸਾਹਿਬ ਨਾਲ ਸੰਪਰਕ ਬਣ ਸਕੇਗਾ, ਜਿਸ ਪਾਸ ਵੀ ਇੰਟਰਨੈਟ ਦਾ ਕੁਨੈਕਸ਼ਨ ਹੋਵੇਗਾ। ਉਹ ਹਰ ਤਰ੍ਹਾਂ ਦੀ ਜਾਣਕਾਰੀ ਸ੍ਰੀ ਅੰਮ੍ਰਿਤਸਰ ਵਿਚ ਸਥਾਪਤ ਕੇਂਦਰ ਤੋਂ ਪ੍ਰਾਪਤ ਕਰ ਸਕਣਗੇ। ਗੁਰੂ ਮੇਹਰ ਕਰੇ ਇਹ ਕਾਰਜ ਜਲਦੀ ਤੋਂ ਜਲਦੀ ਸੰਪੂਰਨ ਹੋਵੇ ਤਾਂ ਵਿਸ਼ਵ ਵਿਆਪੀ ਗੁਰਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਪੂਰੀ ਹੋ ਸਕੇ।

(ਗੁਰਦੁਆਰਾ ਗਜ਼ਟ ਵਿਚੋਂ ਧੰਨਵਾਦ ਸਹਿਤ)

## ਪ੍ਰਸ਼ਨਾਵਲੀ - 12

ਪ੍ਰਸ਼ਨ-1 ਗੁਰੂ ਤੇਗ ਬਹਾਦਰ ਜੀ ਨੇ ਕਿਹੜੇ-ਕਿਹੜੇ ਰਾਗਾਂ ਵਿੱਚ ਬਾਣੀ ਰਚੀ?

ਪ੍ਰਸ਼ਨ-2 ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਦਰਜ ਰਾਗ ਮਾਲਾ ਵਿੱਚ ਕੁੱਲ ਕਿੰਨੇ ਰਾਗ ਅੰਕਿਤ ਕੀਤੇ ਗਏ ਹਨ?

ਪ੍ਰਸ਼ਨ-3 ਪੰਜਾਬ ਦੀ ਗਾਇਕੀ ਦੇ ਚਾਰ ਪ੍ਰਮੁਖ ਘਰਾਣੇ ਕਿਹੜੇ-ਕਿਹੜੇ ਹਨ?

ਪ੍ਰਸ਼ਨ-4 ਰਾਗ ਦਰਬਾਰੀ ਕਾਨੜਾ ਦਾ ਥਾਟ, ਵਾਦੀ , ਸੰਵਾਦੀ, ਜਾਤੀ, ਸਮਾਂ, ਅਰੋਹ-ਅਵਰੋਹ ਤੇ ਪਕੜ ਲਿਖੋ?

ਪ੍ਰਸ਼ਨ-5 ਰਾਗ ਭੈਰਵ ਦਾ ਥਾਟ, ਵਾਦੀ, ਸੰਵਾਦੀ, ਜਾਤੀ, ਸਮਾਂ, ਅਰੋਹ-ਅਵਰੋਹ ਤੇ ਪਕੜ ਲਿਖੋ?

## ਪ੍ਰਸ਼ਨਾਵਲੀ - 11 ਦੇ ਠੀਕ ਉਤੱਰ

ਪ੍ਰਸ਼ਨ-1 ਕਪੂਰਥਲਾ ਰਿਆਸਤ ਦੇ ਮੁੱਖ ਸੰਗੀਤਕਾਰ ਸਨ, ਸਾਂਈ ਇਲਹਾਸ, ਵਿਆਸ ਪੰਡਤ, ਕਰੀਮ ਬਖਸ਼, ਅਬਦੁਲ ਕਰੀਮ ਖਾਂ, ਵਲੀ ਮੁਹੰਮਦ, ਰਹਿਮਤ ਅਲੀ, ਭਾਈ ਜੋਗਾ ਸਿੰਘ, ਭਾਈ ਅਰੰਡੂ ਰਬਾਬੀ, ਭਾਈ ਅਲਾਦੀਆ ਆਦਿ।

ਪ੍ਰਸ਼ਨ-2 ਸਾਜ਼ ਕੀਰਤਨ ਸ਼ੈਲੀ ਨੂੰ ਮਿਠਾਸ ਅਤੇ ਰੌਣਕ ਭਰੀ ਮਿੱਠੀ ਧੁਨ ਦੇ ਕੇ ਗਾਇਕ ਸ਼ੈਲੀ ਵਿਚ ਗਾਉਣ ਵਾਲੇ ਦਾ ਸਹਾਰਾ ਹੁੰਦੇ ਹਨ।

ਪ੍ਰਸ਼ਨ-3 ਗਉੜੀ ਰਾਗ ਦੇ ਪ੍ਰਕਾਰ:- ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਸੋਰਠਿ।

ਪ੍ਰਸ਼ਨ-4 ਸੱਜੇ ਅਤੇ ਖੱਬੇ ਤਬਲੇ ਨੂੰ ਮਿਲਾ ਕੇ ਵਜਾਉਣ ਨਾਲ ਬਣਦੇ ਬੋਲ:-

ਧਾ ਧੀ ਧਿੰ ਤਿਟਕਿਟ

ਪ੍ਰਸ਼ਨ-5 ਰੂਪਕ ਤਾਲ ਦੀ ਸੁਰ ਲਿਪੀ ਖਾਲੀ, ਤਾਲੀ, ਮਾਤਰਾ ਵਿਭਾਗਾਂ ਸਹਿਤ:-

| | | | | | | |
|---|---|---|---|---|---|---|
| 1 | 2 | 3 | 4 | 5 | 6 | 7 |
| ਤੀ | ਤੀ | ਨਾ | ਧੀ | ਨਾ | ਧੀ | ਨਾ |
| 0 | | | 2 | | 3 | |

ਪ੍ਰਸ਼ਨਾਵਲੀ -11 ਦੇ ਉੱਤਰ ਭੇਜਣ ਵਾਲੇ ਸੱਜਣ:-

1. ਗੁਰਨਾਮ ਸਿੰਘ, ਵਿਦਿਆਰਥੀ, ਗੁਰੂ ਰਾਮਦਾਸ ਅਕੈਡਮੀ, ਬਾਈ ਪਾਸ ਮੋਗੀ ਨੰਦ, ਪਾਉਂਟਾ ਸਾਹਿਬ 2. ਉਸਤਾਦ ਜੋਗਿੰਦਰ ਸਿੰਘ ਯੋਗੀ, ਮੁੰਬਈ 3. ਜੀ. ਐਸ. ਭੱਲਾ ਅਰਕੀ, ਜ਼ਿਲਾ ਸੋਲਨ 4. ਜਸਬੀਰ ਸਿੰਘ ਸੋਨੂੰ, ਨੌਸ਼ਹਿਰਾ ਮਝਾ ਸਿੰਘ, ਜ਼ਿਲ੍ਹਾ ਗੁਰਦਾਸਪੁਰ 5. ਭਾਈ ਅਵਤਾਰ ਸਿੰਘ ਹੰਸ, ਸੰਗਰੂਰ 6. ਭਾਈ ਬਲਕਾਰ ਸਿੰਘ, ਸੰਗਰੂਰ

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

'ਗੁਰਸਿੱਖ ਸੰਜੋਗ'

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ, ਨਵੀਂ ਦਿੱਲੀ-110 060 ਫੋਨ : 5735955

# ਸ਼ੀਰੀਂ ਸਵਰ ਜਾਦੂ ਦਾ ਅਸਰ ਰੱਖਦਾ ਹੈ।

ਬੇਦੀ ਲਾਲ ਸਿੰਘ ਸਾਹਿਤਕਾਰ

ਜਿਵੇਂ ਕਿ ਹਰ ਧਰਮ ਦਾ ਆਪੋ- ਆਪਣਾ ਮੂਲ ਮੰਤਰ ਹੁੰਦਾ ਹੈ, ਭਾਵ ਹਿੰਦੂ ਧਰਮ ਵਿਚ 'ਗਾਇਤਰੀ' ਨੂੰ ਮੂਲ ਮੰਤਰ ਕਹਿੰਦੇ ਹਨ ਤੇ ਇਸਲਾਮ ਧਰਮ ਵਿਚ 'ਕਲਮੇਂ' ਨੂੰ। ਏਸੇ ਹੀ ਤਰ੍ਹਾਂ ਸਿੱਖ ਧਰਮ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਸੰਪਾਦਨ ਕਰਨ ਤੋਂ ਪਹਿਲਾਂ 'ਮੂਲ ਮੰਤਰ', ਗੁਰੂ ਅਰਜਨ ਦੇਵ ਜੀ ਨੇ ਲਿਖ ਕੇ ਆਰੰਭ ਕੀਤਾ ਸੀ, ਜਿਸ ਦਾ ਰੂਪ ਹੈ :-

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨਿ ਸੈਭੰ ਗੁਰ ਪ੍ਰਸਾਦਿ।"

ਏਸੇ ਹੀ ਤਰ੍ਹਾਂ ਸੰਗੀਤ ਦਾ ਆਧਾਰ ਕੇਵਲ ਤੇ ਕੇਵਲ ਇਹਨਾਂ ਸੱਤ ਸੁਰਾਂ ਤੇ ਹੀ ਨਿਰਭਰ ਹੈ। ਸੁਰ ਜੋ ਗਿਣਤੀ ਵਿਚ ਸੱਤ ਹਨ, ਇਸ ਪ੍ਰਕਾਰ ਹਨ:-

1 ਖਰਜ 2 ਰਿੱਖਬ 3 ਗੰਧਾਰ 4 ਮੱਧਮ 5 ਪੰਚਮ 6 ਧੈਵਤ 7 ਨਿਖਾਧ।

ਸੰਗੀਤ ਦਾ ਮੂਲ, ਇਹੋ ਹੀ ਸੱਤ ਸੁਰ ਹਨ। ਸੁਰ ਦੇ ਅਰਥ ਹਨ, ਆਵਾਜ਼ ਤੇ ਧੁਨ। ਸੰਗੀਤ ਵਿਚ ਉਸ ਆਵਾਜ਼ ਨੂੰ ਜੋ ਕੰਨਾਂ ਨੂੰ ਬੜੀ ਮਧੁਰ ਤੇ ਸੁਰੀਲੀ ਲੱਗੇ, ਦਿਲ ਨੂੰ ਮੋਮ ਕਰ ਲਏ 'ਸੁਰ' ਕਹਿੰਦੇ ਹਨ। ਸੰਗੀਤ ਦੇ ਤਿੰਨ ਅੰਗ ਪ੍ਰਸਿੱਧ ਸੰਗੀਤਕਾਰਾਂ ਨੇ ਹੇਠ ਲਿਖੇ ਮੰਨੇ ਹਨ:-

ਗਾਉਣਾ, ਵਜਾਉਣਾ ਤੇ ਨੱਚਣਾ

ਇਸੇ ਤਰ੍ਹਾਂ ਸੰਗੀਤਕਾਰਾਂ ਨੇ ਤਾਂ ਸੁਰ ਦੇ ਵੀ ਤਿੰਨ ਭਾਗ ਹੀ ਦੱਸੇ ਹਨ :-

1 ਸ਼ੁੱਧ ਸੁਰ:- ਉਹ ਸੁਰ ਜੋ ਆਪਣਾ ਸਥਾਨ ਨਹੀਂ ਬਦਲਦੇ, ਇਹ ਗਿਣਤੀ ਵਿਚ 7 (ਸਤ) ਹਨ।

ਸਾ, ਰੇ, ਗਾ, ਮਾ, ਪਾ, ਧਾ, ਨੀ

2 ਕੋਮਲ ਸੁਰ:- ਜਿਹੜੇ ਸੁਰ ਆਪਣਾ ਅਸਲੀ ਥਾਂ ਛੱਡ ਕੇ ਨੀਵੀਂ ਆਵਾਜ਼ ਦੇਣ, ਉਹ ਕੋਮਲ ਸੁਰ ਹੁੰਦੇ ਹਨ। ਇਹ ਗਿਣਤੀ ਦੇ ਚਾਰ ਹਨ:-

ਰੇ, ਗਾ, ਧਾ, ਨੀ

3 ਤੀਬਰ ਸੁਰ:- ਜਿਹੜੇ ਸੁਰ ਆਪਣਾ ਅਸਲੀ ਥਾਂ ਛੱਡ ਕੇ ਉੱਚੀ ਆਵਾਜ਼ ਦੇਣ, ਉਹ ਤੀਬਰ ਸੁਰ ਹੁੰਦੇ ਹਨ। ਇਹ ਸੁਰ 'ਮੱਧਮ' ਅਰਥਾਤ ਮਾ ਹੈ। ਵਾਸਤਵ ਵਿਚ ਤਾਂ ਸੁਰ ਦੇ ਦੋ ਭਾਗ ਹੀ ਸੰਗੀਤਕਾਰਾਂ ਨੇ ਮੰਨੇ ਹਨ:-

1 ਅਚੱਲ 2 ਵਿਕਰਤ

ਅੱਚਲ:- ਉਹ ਸੁਰ ਜਿਹੜੇ ਆਪਣਾ ਸਥਾਨ ਨਹੀਂ ਬਦਲਦਾ ਉਹ ਸੁਰ ਕੇਵਲ ਦੋ ਹੀ ਹਨ। ਸਾ ਤੇ ਪਾ।

ਵਿਕਰਤ:- ਉਹ ਸੁਰ ਜਿਹੜੇ ਆਪਣਾ ਥਾਂ ਬਦਲ ਲੈਂਦੇ ਹਨ, ਇਹ ਗਿਣਤੀ ਦੇ ਪੰਜ ਹਨ:- ਰੇ, ਗਾ, ਮਾ, ਧਾ, ਨੀ।

ਸਤਾਂ ਸੁਰਾਂ ਦਾ ਆਧਾਰ ਤੇ ਵੇਰਵਾ ਇਸ ਨਕਸ਼ੇ ਰਾਹੀਂ ਪੜ੍ਹੋ:

ਸੁਰ

ਅਚੱਲ (ਸਾ, ਪਾ) ਵਿਕਰਤ (ਰੇ, ਗਾ, ਮਾ, ਧਾ, ਨੀ)

ਸ਼ੁਧ (ਸਾ, ਰੇ, ਗਾ, ਮਾ, ਧਾ, ਨੀ)

ਤੀਬਰ ਸੁਰ (ਮਾ), ਕੋਮਲ ਸੁਰ (ਰੇ, ਗਾ, ਧਾ, ਨੀ)

ਉਪਰੋਕਤ ਸਵਰਾਂ ਬਾਰੇ ਸੰਗੀਤਕਾਰਾਂ ਦੇ ਵਿਚਾਰ ਇਸ ਪ੍ਰਕਾਰ ਹਨ:-

1. ਸੰਗੀਤ ਸਵਰ ਉਹ ਹੈ ਜੋ ਜਾਦੂ ਦਾ ਅਸਰ ਰੱਖਦਾ ਹੈ, ਭਾਵ ਜੋ ਪਸ਼ੂ,ਪੰਛੀਆਂ ਨੂੰ ਮੋਹਿਤ ਕਰ ਲੈਂਦਾ ਹੈ। (ਸੁਆਮੀ ਹਰੀਦਾਸ)
2. ਸਵਰ ਉਹ ਹੁੰਦਾ ਹੈ, ਜੋ ਸੁਣਨ ਵਾਲੇ ਨੂੰ ਆਪਣਾ ਜਲਵਾ ਵਿਖਾ ਸਕੇ। (ਤਾਨਸੈਨ)
3. ਸਵਰ ਉਹ ਹੈ, ਜੋ ਸਾਧਨਾ ਸਿੱਧ ਹੋਵੇ ਤੇ ਆਪਣਾ ਅਸਰ ਰੱਖਦਾ ਹੋਵੇ। (ਭਾਤ ਖੰਡੇ)
4. ਸਵਰ ਉਹ ਹੈ, ਜਿਸ ਵਿਚ ਸੰਗੀਤਕਾਰ ਆਪ ਗਵਾਚ ਜਾਂਦਾ ਹੈ। (ਲਤਾ ਮੰਗੇਸ਼ਕਰ)
5. ਮੇਰੀ ਬੀਮਾਰੀ ਸੁਰੀਲੇ ਸੰਗੀਤ ਨਾਲ ਜਿੰਨੀ ਛੇਤੀ ਦੂਰ ਹੁੰਦੀ ਹੈ, ਇਲਾਜ ਨਾਲ ਨਹੀਂ ਹੁੰਦੀ। (ਮਹਾਤਮਾ ਗਾਂਧੀ)
6. ਸਵਰ ਦੀ ਮਾਰ ਬੜੀ ਵਿਕਟ ਹੁੰਦੀ ਹੈ (ਉਸਤਾਦ ਅਮੀਰ ਖਾਂ)
7. ਸਵਰ ਦੀ ਠੋਕਰ ਖਾ ਕੇ ਪੱਥਰ ਵੀ ਮੋਮ ਹੋ ਜਾਂਦਾ ਹੈ। (ਬਿਸਮਿੱਲਾ ਖਾਂ)
8. ਸਵਰ ਸ਼ੀਰੀਂ (ਮਿੱਠਾ, ਰਸ ਭਰਿਆ), ਕਾਲੇ ਭਾਵ ਬਦਸ਼ਕਲ ਨੂੰ ਵੀ ਸੁੰਦਰ ਬਣਾ ਦਿੰਦਾ ਹੈ। (ਸ਼ੁਬ-ਲਕਸ਼ਮੀ)
9. ਅਸਲੀ ਸਵਾਦ (ਮਜ਼ਾ) ਤਾਂ ਸ਼ੀਰੀਂ ਸਵਰ ਵਿਚ ਹੀ ਹੁੰਦਾ ਹੈ। (ਉਸਤਾਦ ਅਲਾਉਦੀਨ ਖਾਂ)

10. [illegible]

(ਸਾਰੰਗ [illegible])

11. [illegible]

([illegible])

[illegible]

[illegible]

[illegible]

[illegible]

[illegible]

[illegible]

[illegible]

1. [illegible]

2. [illegible]

3. [illegible]

4. [illegible]

[illegible]

[illegible]

ਉਪਰੋਕਤ ਅੰਕਿਤ ਕੀਤੇ [illegible]

[illegible]

---

**ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਪ੍ਰਾਪਤ ਕਰਨ ਲਈ ਸੰਪਰਕ ਕਰੋ।**

**ਅੰਮ੍ਰਿਤ ਕੀਰਤਨ ਟ੍ਰਸਟ**

**422, ਸੈਕਟਰ 15-ਏ, ਚੰਡੀਗੜ੍ਹ**

# ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਇਸਤਰੀ ਕੀਰਤਨਕਾਰ

ਡਾ: ਮਿਸ ਮਨਵਿੰਦਰ ਕੌਰ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਆਪ ਜੀ ਦੇ ਮਹਿਲ (ਸਪਤਨੀਆਂ) ਦਾ ਰਾਗ-ਬਧ ਬਾਣੀ ਕੀਰਤਨ ਨਾਲ ਗਹਿਰਾ ਪ੍ਰੇਮ ਸੀ। ਇਸ ਦੀ ਮਿਸਾਲ ਸਿੱਖ ਇਤਿਹਾਸ ਵਿੱਚ ਕੁਝ ਅਦਭੁਤ ਝਾਕੀਆਂ ਦੇ ਰੂਪ ਵਿੱਚ ਮਿਲਦੀ ਹੈ। ਜਦੋਂ ਗੁਰੂ ਸਾਹਿਬ ਅਨੰਦਪੁਰ ਦੇ ਕਿਲੇ ਵਿੱਚ ਤੁਰਕਾਂ ਦੀਆਂ ਫੌਜਾਂ ਵਿੱਚ ਘਿਰੇ ਹੋਏ ਸਨ। ਉਸ ਸਮੇਂ ਵੀ ਆਪ ਅੰਮ੍ਰਿਤ ਵੇਲੇ 'ਆਸਾ ਜੀ ਦੀ ਵਾਰ' ਅਤੇ ਸ਼ਾਮ ਵੇਲੇ 'ਸੋਦਰ' ਦੀ ਚੌਕੀ ਤੇ ਕੀਰਤਨ ਦਰਬਾਰ ਸਜਾਉਂਦੇ ਸਨ। ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ 52 ਕਵੀ, ਸੁਸ਼ੋਭਿਤ ਸਨ ਉੱਥੇ ਕਈ ਉੱਚ ਕੋਟੀ ਦੇ ਸੰਗੀਤਕਾਰ ਇਸਤ੍ਰੀ ਅਤੇ ਪੁਰਸ਼ ਵੀ ਸ਼ੋਭਾ ਪਾਉਂਦੇ ਸਨ। ਗੁਰੂ ਸਾਹਿਬ ਦੀ ਦਸਮ ਗ੍ਰੰਥ ਦੇ ਰੂਪ ਵਿੱਚ ਬਾਣੀ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਆਪ ਅਰਬੀ, ਫ਼ਾਰਸੀ, ਬ੍ਰਿਜਭਾਸ਼ਾ, ਹਿੰਦੀ ਅਤੇ ਪੰਜਾਬੀ ਆਦਿ ਭਾਸ਼ਾਵਾਂ ਦੇ ਪੂਰਨ ਗਿਆਤਾ ਸਨ। ਆਪ ਨੇ ਆਪਣੀ ਬਾਣੀ ਵਿੱਚ, ਰਾਮਕਲੀ, ਸੋਰਠਿ, ਕਲਿਆਣ, ਬਿਲਾਵਲ, ਤਿਲੰਗ ਅਤੇ ਗੰਧਾਰੀ ਆਦਿ ਰਾਗਾਂ ਦੀ ਵਰਤੋਂ ਕੀਤੀ ਹੈ। ਆਪ ਜੀ ਦੀ ਰਚਨਾ 'ਸਰਬ ਲੋਹ ਪ੍ਰਕਾਸ਼' ਗ੍ਰੰਥ ਵਿੱਚ 100 ਤੋਂ ਵੱਧ ਰਾਗਾਂ ਦੇ ਸਿਰਲੇਖ ਮਿਲਦੇ ਹਨ। ਇਹਨਾਂ ਮਹਾਨ ਰਚਨਾਵਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਮਹਾਨ ਸੰਤ ਕਵੀ ਹੋਣ ਦੇ ਨਾਲ ਨਾਲ ਚੰਗੇ ਸੰਗੀਤ ਪਾਰਖੀ ਤੇ ਸੰਗੀਤਕਾਰ ਵੀ ਸਨ। ਆਪ 'ਸਰੰਦਾ' ਵਜਾਉਂਦੇ ਸਨ। ਗੁਰੂ ਜੀ ਦਾ ਸਰੰਦਾ ਹਿਮਾਚਲ ਦੇ ਮੰਡੀ ਨਾਮੀ ਨਗਰ ਦੇ ਗੁਰਦਵਾਰੇ ਵਿੱਚ ਸੰਭਾਲਿਆ ਹੋਇਆ ਹੈ। ਇੱਕ ਯਾਤਰਾ ਦੌਰਾਨ ਮੈਂ ਇਸ ਪਵਿੱਤਰ ਸਰੰਦੇ ਦੇ ਦਰਸ਼ਨ ਕੀਤੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਦੇ ਭਿੰਨ ਭਿੰਨ ਲੇਖਕਾਂ ਦੁਆਰਾ ਜਿਵਨ ਚਰਿਤਰਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਆਪ ਦੇ ਦਰਬਾਰ ਵਿੱਚ ਕੀਰਤਨ ਕਰਨ ਵਾਲੇ ਕੀਰਤਨਕਾਰਾਂ ਵਿੱਚ ਇਸਤ੍ਰੀ ਤੇ ਪੁਰਸ਼ ਦੋਵੇਂ ਹੀ ਸ਼ਾਮਿਲ ਹੁੰਦੇ ਸਨ। ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ ਕਿ ਦੋ ਭਰਾ ਭਾਈ ਸੱਦੂ ਅਤੇ ਭਾਈ ਮੱਦੂ ਰਬਾਬੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਸਨ।

ਸੱਦੂ ਮੱਦੂ ਆਸਾਵਾਰ,
ਕੀਰਤਨ ਕਰਦੇ ਰਾਗ ਸੁਧਾਰ।

ਪ੍ਰੋ. ਤਾਰਾ ਸਿੰਘ ਲਿਖਦੇ ਹਨ ਕਿ ਬਾਬਾ ਦੀਪ ਸਿੰਘ ਜੀ ਜਿੱਥੇ ਜੋਧੇ ਸਨ ਉੱਥੇ ਉਹ ਉੱਚ ਕੋਟੀ ਦੇ ਕੀਰਤਨੀਏ ਵੀ ਸਨ। ਉਹ ਹਰ ਰੋਜ਼ ਸਵੇਰੇ 'ਆਸਾ ਜੀ ਦੀ ਵਾਰ' ਦਾ ਕੀਰਤਨ ਸਰੰਦੇ ਨਾਲ ਕਰਦੇ ਸਨ। 'ਕਲਗੀਧਰ ਚਮਤਕਾਰ' ਵਿੱਚ ਦਰਜ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਇੱਕ ਬੀਬੀ ਕੀਰਤਨਕਾਰ ਸੀ ਜੋ ਕਿ ਮਹਾਂਰਾਸ਼ਟਰ ਵਾਸੀ ਸੀ। ਇਸ ਬੀਬੀ ਨੇ ਮੁਗਲ ਰਾਜ ਦੇ ਜ਼ੁਲਮ ਤੋਂ ਤੰਗ ਆ ਕੇ ਗੁਰੂ ਜੀ ਦੀ ਸੰਗਤ ਵਿੱਚ ਸ਼ਰਨ ਲੈ ਲਈ ਸੀ। ਇਹ ਬੀਬੀ ਕੀਰਤਨੀਏ ਸਿੰਘਾਂ ਦੇ ਨਾਲ ਅੰਮ੍ਰਿਤ ਵੇਲੇ ਅਤੇ ਰਾਤ ਦੀ ਸ਼ਬਦ ਚੌਕੀ ਵਿੱਚ ਕੀਰਤਨ ਕਰਦੀ ਸੀ। ਉਸ ਦੀ ਗਾਇਕੀ ਤੋਂ ਹੀ ਗੁਰਬਾਣੀ ਕੀਰਤਨ ਦੀਆਂ ਰੀਤਾਂ ਵਿੱਚ ਠੁਮਰੀ ਅਤੇ ਮਹਾਂਰਾਸ਼ਟਰੀ ਸੰਗੀਤ ਦੇ ਅੰਗ ਸ਼ਾਮਿਲ ਹੋ ਗਏ ਹਨ।

ਭਾਵੇਂ ਕਿ ਗੁਰਬਾਣੀ ਗਾਇਨ ਦੀ ਖੋਜ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸੰਗੀਤਕ ਸੰਕੇਤਾਂ ਜਾਂ ਸਿਰਲੇਖਾਂ ਅਨੁਸਾਰ ਕਰਦੇ ਹਾਂ ਪ੍ਰੰਤੂ ਸਿੱਖ ਇਤਿਹਾਸ ਵਿੱਚ ਪ੍ਰਚਲਿਤ ਸਾਖੀਆਂ ਵੀ ਪ੍ਰਸਿੱਧ ਕੀਰਤਨਕਾਰਾਂ ਦੇ ਜੀਵਨ ਬਾਰੇ ਚਾਨਣਾ ਪਾਉਂਦੀਆਂ ਹਨ। ਜਿਵੇਂ ਇਕ ਸਾਖੀ ਹੈ ਕਿ ਇੱਕ ਵਾਰੀ ਬਾਲਕ ਜੱਸਾ ਸਿੰਘ ਅਤੇ ਉਸਦੀ ਮਾਤਾ, ਮਾਤਾ ਸੁੰਦਰੀ ਜੀ ਪਾਸ ਗਏ। ਮਾਤਾ ਸੁੰਦਰੀ ਜੀ ਦੀ ਹਾਜ਼ਰੀ ਵਿੱਚ ਬਾਲਕ ਜੱਸਾ ਨੇ ਮਨਮੋਹਕ ਕੀਰਤਨ ਕੀਤਾ। ਮਾਤਾ ਸੁੰਦਰੀ ਜੀ ਕੀਰਤਨ ਤੋਂ ਪ੍ਰਭਾਵਿਤ ਹੋਏ ਅਤੇ ਬਾਲਕ ਨੂੰ ਆਸ਼ੀਰਵਾਦ ਦਿੱਤਾ। ਇੰਝ ਗੁਰੂ ਸਾਹਿਬ ਦੇ ਦਰਬਾਰ ਵਿੱਚ ਕੀਰਤਨਕਾਰ ਦੇ ਰੂਪ ਵਿੱਚ ਇਸਤ੍ਰੀ-ਪੁਰਸ਼ ਨੂੰ ਬਰਾਬਰ ਦਾ ਦਰਜਾ ਪ੍ਰਾਪਤ ਸੀ।

**ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ**
(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)

ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ - ਫੋਨ : 855741, 855730
ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁੱਚਜੇ ਤਰੀਕੇ ਨਾਲ ਕੀਤਾ ਗਿਆ ਹੈ। ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :-
ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947

# ਮੇਰੀ ਅਮਰੀਕਾ ਯਾਤਰਾ ਕਨੈਟੀਕਟ ਸੂਬੇ ਵਿੱਚ

ਡਾ. ਜਾਗੀਰ ਸਿੰਘ

ਕਨੈਟੀਕਟ ਸੂਬਾ ਅਮਰੀਕਾ ਦੇ ਉੱਤਰ-ਦੱਖਣ ਵਿੱਚ ਸਥਿਤ ਹੈ। ਇਸ ਸੂਬੇ ਦਾ ਖੇਤਰਫਲ 12,973 ਵਰਗ ਕਿਲੋਮੀਟਰ ਤੇ ਅਬਾਦੀ 35 ਲੱਖ ਦੇ ਕਰੀਬ ਹੈ। ਇਸ ਵਿੱਚ ਰਹਿੰਦੇ ਆਪਣੇ ਮਿੱਤਰ ਡਾ. ਪ੍ਰੇਮ ਸਿੰਘ ਮਾਨ ਬਾਰੇ ਲਿਖਦਿਆਂ, ਮੈਂ ਯੂਨੀਵਰਸਿਟੀ ਦਾ ਜ਼ਿਕਰ ਕੀਤਾ ਸੀ। ਉਥੇ ਹੀ ਇਕ ਸ਼ਹਿਰ ਵਰਨਾਨ ਵੀ ਹੈ ਜਿਥੇ ਮੈਨੂੰ ਆਪਣੇ ਇਕ ਹੋਰ ਮਿੱਤਰ ਸ. ਅਮਰਜੀਤ ਸਿੰਘ ਬੁੱਟਰ ਹੋਰਾਂ ਦਾ ਪਤਾ ਲੱਗਾ। ਫਿਰ ਅਸੀਂ ਉਹਨਾਂ ਨੂੰ ਵੀ ਮਿਲਣ ਲਈ ਚਲੇ ਗਏ। ਅਮਰਜੀਤ ਸਿੰਘ ਬੁੱਟਰ ਅੰਮ੍ਰਿਤ ਕੀਰਤਨ ਦੇ ਮੈਂਬਰ ਹਨ ਉਹ ਸਮੇਂ ਸਮੇਂ ਸਾਨੂੰ ਪਤਰਾਂ ਰਾਹੀਂ ਮੈਗਜ਼ੀਨ ਬਾਰੇ ਉਤਸ਼ਾਹਤ ਕਰਦੇ ਅਤੇ ਸੁਝਾਅ ਦਿੰਦੇ ਹੀ ਰਹਿੰਦੇ ਹਨ।

ਬੁੱਟਰ ਸਾਹਿਬ ਨੇ ਪਜੰਾਬੀ ਯੂਨੀਵਰਸਿਟੀ ਤੋਂ ਬੀ. ਏ.; ਐਮ. ਏ. ਅਤੇ ਜਰਨਲਿਜ਼ਮ ਵਿੱਚ ਡਿਪਲੋਮਾਂ ਕੀਤਾ। ਫਿਰ ਉਹਨਾਂ ਨੇ ਅਮਰੀਕਾ ਜਾ ਕੇ ਮਿਸ਼ੀਗਨ ਯੂਨੀਵਰਸਿਟੀ ਤੋਂ ਮਾਸਟਰ ਆਫ਼ ਲਾਅ ਵੀ ਕੀਤੀ। ਉਹ 1977 ਤੋਂ ਵਰਨਾਨ ਵਿਚ ਹੀ ਰਹਿ ਰਹੇ ਹਨ। ਉਹ ਸਿੱਖਿਆ ਨਾਲ ਸੰਬੰਧਤ ਕਈ ਕਮੇਟੀਆਂ ਦੇ ਮੈਂਬਰ ਹਨ ਤੇ ਨਾਲ ਹੀ ਉਹ ਵਰਨਾਨ ਬੋਰਡ ਆਫ਼ ਐਜੂਕੇਸ਼ਨ ਦੇ ਵੀ ਮੈਂਬਰ ਬਣੇ ਹੋਏ ਹਨ। ਜਦਕਿ ਇਸ ਬੋਰਡ ਦੇ ਮੈਂਬਰ ਬਣਨ ਲਈ ਤਾਂ ਚੋਣ ਲੜਨੀ ਪੈਂਦੀ ਹੈ। ਉਹ ਗੁਰਦੁਆਰਾ ਸਾਹਿਬ ਵਿਚ ਜਾ ਕੇ ਸੰਗਤਾਂ ਨੂੰ ਧਾਰਮਿਕ ਸਿੱਖਿਆ ਦੇਣ ਦੀ ਰੁਚੀ ਵੀ ਰੱਖਦੇ ਹਨ। ਕਈ ਵਾਰ ਉਹ ਸੰਗਤਾਂ ਵਿਚ ਮੁਫ਼ਤ ਗੁਰਮਤਿ ਸਾਹਿਤ ਵੰਡ ਕੇ, ਉਹਨਾਂ ਦੀ ਪੜ੍ਹਨ-ਲਿਖਣ ਦੀ ਰੁਚੀ ਵਧਾਉਣ ਲਈ ਵੀ ਕੋਸ਼ਿਸ਼ ਕਰਦੇ ਰਹਿੰਦੇ ਹਨ।

ਸਿੱਖੀ ਲਈ ਉਹਨਾਂ ਦੇ ਮਨ ਵਿੱਚ ਬਹੁਤ ਦਰਦ ਹੈ। ਇਸ ਲਈ ਜਦੋਂ ਕਿਤੇ ਵੀ ਸਿੱਖੀ ਜਾਂ ਸਿੱਖਾਂ ਪ੍ਰਤੀ ਕੋਈ ਮਾੜੀ ਗੱਲ ਹੁੰਦੀ ਹੈ, ਤਾਂ ਉਹ ਬਹੁਤ ਹੀ ਭਾਵਕ ਹੋ ਜਾਂਦੇ ਹਨ। ਆਪਣੇ ਵਿਰਸੇ ਪ੍ਰਤੀ ਵੀ ਉਹਨਾਂ ਨੂੰ ਬਹੁਤ ਮਾਣ ਹੈ। ਉਹਨਾਂ ਦਾ ਵਿਚਾਰ ਹੈ ਕਿ ਅਮਰੀਕਾ ਵਿੱਚ ਸਿੱਖ ਆਪਣੇ ਆਪ ਨੂੰ ਕੇਵਲ ਸਿੱਖਾਂ ਵਿੱਚ ਹੀ ਰੱਖ ਕੇ ਵੇਖਦੇ ਹਨ, ਜਦਕਿ ਉੱਥੇ ਤਾਂ ਉਹਨਾਂ ਦਾ ਸਿਰਫ਼ ਆਪਸ ਵਿਚ ਮੁਕਾਬਲਾ ਹੁੰਦਾ ਹੈ। ਲੋੜ ਤਾਂ ਹੈ ਆਪਣੇ ਆਪ ਨੂੰ ਗੈਰ ਸਿੱਖਾਂ ਵਿੱਚ ਰੱਖ ਕੇ ਵੇਖਣ ਦੀ। ਇਸ ਲਈ ਉਹ ਕੰਮ ਕਰਨੇ ਚਾਹੀਦੇ ਹਨ ਜਿਹੜੇ ਸਾਰਿਆਂ ਲਈ ਸਾਂਝੇ ਹੋਣ, ਤਾਂ ਹੀ ਇਹਨਾਂ ਮੁਲਕਾਂ ਵਿੱਚ ਸਾਡੀ ਕਦਰ ਪੈ ਸਕਦੀ ਹੈ। ਜੇਕਰ ਅਸੀਂ ਆਪਣੇ ਚੰਗੇ ਕੰਮਾਂ ਰਾਹੀਂ ਇਹਨਾਂ ਬਾਹਰਲੇ ਲੋਕਾਂ ਵਿੱਚ ਚੰਗਾ ਪ੍ਰਭਾਵ ਪਾਵਾਂਗੇ, ਤਦ ਹੀ ਇਹਨਾਂ ਲੋਕਾਂ ਦੇ ਮਨਾਂ ਵਿਚ ਸਿੱਖੀ ਪ੍ਰਤੀ ਉਤਸ਼ਾਹ ਵਧੇਗਾ ਜਿਸ ਦੇ ਸਿੱਟੇ ਵਜੋਂ ਸਿੱਖੀ ਦੀ ਕਦਰ ਵੀ ਵਧੇਰੇ ਹੋਵੇਗੀ।

ਸਲਾਨਾ ਪਰੇਡ ਵਿਚ ਵੀ ਉਹ ਪੂਰੇ ਸਿੱਖੀ ਲਿਬਾਸ ਵਿਚ ਰਹਿੰਦੇ ਹਨ। ਉਹ ਆਪਣੀ ਤਸਵੀਰ ਬੜੇ ਹੀ ਮਾਣ ਨਾਲ ਵਿਖਾਉਂਦੇ ਹਨ ਜਿਸ ਵਿਚ ਸੈਂਕੜੇ ਗੈਰ ਸਿੱਖਾਂ ਵਿਚ ਉਹ ਇਕੱਲੇ ਹੀ ਪਗੜੀ-ਧਾਰੀ ਸਿੱਖ ਚਲ ਰਹੇ ਹਨ। ਉਸ ਵੇਲੇ ਲੋਕ ਵੀ ਉਹਨਾਂ ਵੱਲ ਖੁਸ਼ੀ-ਭਰੀ ਹੈਰਤ ਨਾਲ ਵੇਖਦੇ ਹਨ। ਪਰ ਬੁੱਟਰ ਸਾਹਿਬ ਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਅਜੇ ਸਾਡੇ ਬਹੁਤ ਲੋਕ ਸਿੱਖ ਗੁਰਦੁਆਰੇ ਦੀ ਚਾਰ-ਦੀਵਾਰੀ ਤੋਂ ਬਾਹਰ ਨਹੀਂ ਨਿਕਲ ਰਹੇ।

ਕਨੈਟੀਕਟ ਸੂਬੇ ਵਿਚ ਹੀ ਇਕ ਕਸਬੇ ਟੈਰੀਵਿਲੇ ਵਿਚ ਮੇਰੇ ਦੂਸਰੇ ਮਿੱਤਰ ਸ. ਮਨਮੋਹਨ ਸਿੰਘ ਭਰਾੜਾ ਰਹਿੰਦੇ ਹਨ। ਭਰਾੜਾ ਸਾਹਿਬ, ਜੋ ਕਿ ਪਹਿਲਾਂ ਨਿਊਜਰਸੀ ਵਿਚ ਰਹਿੰਦੇ ਸਨ। 1985 ਵਿਚ ਜਦੋਂ ਮੈਂ ਅਮਰੀਕਾ ਆਇਆ ਸਾਂ, ਤਾਂ ਇਸ ਪਰਿਵਾਰ ਨੇ ਮੇਰੀ ਬੜੀ ਸੇਵਾ ਕੀਤੀ ਸੀ। ਭਰਾੜਾ ਸਾਹਿਬ ਇਕ ਇੰਜੀਨੀਅਰ ਹਨ। ਉਦੋਂ ਇਹ ਓਵਨ ਬਣਾਉਣ ਵਾਲੀ ਇਕ ਕੰਪਨੀ ਵਿੱਚ ਹੀ ਨੌਕਰੀ ਕਰਦੇ ਸਨ। ਉੱਥੇ ਵੀ ਇਹਨਾਂ ਦੀ ਬੜੀ ਚੰਗੀ ਤਨਖਾਹ ਸੀ। ਪਰ ਜ਼ਿਆਦਾਤਰ ਇਹਨਾਂ ਨੂੰ ਟੂਰ ਤੇ ਹੀ ਰਹਿਣਾ ਪੈਂਦਾ ਸੀ। ਇਹਨਾਂ ਦੇ ਦੋ ਬੜੇ ਪਿਆਰੇ ਜੁੜਵਾਂ ਬੇਟੇ ਉਦੋਂ ਬਹੁਤ ਹੀ ਛੋਟੇ ਸਨ। ਹੁਣ ਮੈਂ ਇਹਨਾਂ ਦੋਹਾਂ ਬੱਚਿਆਂ ਦੀ ਪਛਾਣ ਕਾਫ਼ੀ ਸਮੇਂ ਤਕ ਕਾਇਮ ਨਹੀਂ ਸੀ ਕਰ ਸਕਿਆ।

ਭਰਾੜਾ ਸਾਹਿਬ ਨੂੰ ਪ੍ਰੇਰਨਾ-ਦਾਇਕ ਪੁਸਤਕਾਂ ਪੜ੍ਹਨ, ਸੇਵਾ ਕਰਨ ਅਤੇ ਅੱਗੇ ਵੱਧਣ ਦਾ ਬੜਾ ਹੀ ਸ਼ੌਕ ਹੈ। ਮੈਨੂੰ ਵੀ ਭਰਾੜਾ ਸਾਹਿਬ ਨੇ ਕੰਪਨੀਆਂ ਦੀ ਨੌਕਰੀ ਸੰਬੰਧੀ ਕੁਝ ਗੱਲਾਂ ਦਸੀਆਂ ਸਨ। ਭਰਾੜਾ ਸਾਹਿਬ ਨੂੰ ਸਾਹ ਦੀ ਵੀ ਤਕਲੀਫ਼ ਸੀ। ਭਾਵੇਂ ਕੰਪਨੀਆਂ ਇਲਾਜ ਲਈ ਖ਼ਰਚਾ ਦਿੰਦੀਆਂ ਹਨ, ਪਰ ਬਹੁਤ ਘੱਟ ਲੋਕ ਅਜਿਹਾ ਖਰਚਾ ਲੈਂਦੇ ਹਨ। ਇਥੋਂ ਤਕ ਕਿ ਇਹ ਕੰਪਨੀਆਂ ਆਪਣੇ ਮੁਲਾਜ਼ਮਾਂ ਦੀ ਸਿਹਤ ਦਾ ਰਿਕਾਰਡ ਰੱਖਦੀਆਂ ਹਨ। ਇਹਨਾਂ ਨੂੰ ਇਹ ਵੀ ਪਤਾ ਲੱਗਦਾ ਰਹਿੰਦਾ ਹੈ, ਕਿ ਕਿਹੜਾ ਮੁਲਾਜਮ ਕਿਹੜੀ ਦਵਾਈ ਖਾਂਦਾ ਹੈ ਤੇ ਕਿਹੜੇ ਮੁਲਾਜ਼ਮ ਨੂੰ ਕਿਹੜੀ ਜ਼ਿੰਮੇਵਾਰੀ ਨਹੀਂ ਦਿੱਤੀ ਜਾ ਸਕਦੀ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਕਦੀ ਖਾਧੀ ਖਾਸ ਦਵਾਈ ਮੁਲਾਜ਼ਮ ਦੀ ਤੱਰਕੀ ਦੇ ਰਾਹ ਵਿਚ ਰੋੜਾ ਵੀ ਬਣ ਜਾਂਦੀ

ਹੈ।ਮੁਲਾਜ਼ਮਾਂ ਦੇ ਪਰਿਵਾਰ, ਰਿਹਾਇਸ਼ ਆਦਿ ਬਾਰੇ ਕੰਪਨੀ ਵਾਲਿਆਂ ਨੂੰ ਪਤਾ ਹੁੰਦਾ ਹੈ। ਥੋੜ੍ਹੇ ਕੀਤਿਆਂ ਤਾਂ ਚੰਗੇ ਕਾਮਿਆਂ ਨੂੰ ਕੰਪਨੀਆਂ ਜਾਣ ਹੀ ਨਹੀਂ ਦਿੰਦੀਆਂ ਤੇ ਨਿਕੰਮਿਆਂ ਨੂੰ ਉਹ ਰੱਖਦੀਆਂ ਨਹੀਂ। ਇਸ ਕਰਕੇ ਲੱਗਭੱਗ ਹਰ ਦਫ਼ਤਰ ਵਿਚ ਉਹਨਾਂ ਦੀ ਸਿਹਤ ਸੰਭਾਲ ਲਈ ਜਿਮਨੇਜ਼ੀਅਮ ਕਾਇਮ ਕੀਤੇ ਹੋਏ ਹਨ। ਕੰਮ ਦੇ ਘੰਟਿਆਂ ਵਿਚ ਜਿਮਨੇਜ਼ੀਅਮ ਦਾ ਸਮਾਂ ਵੀ ਸ਼ਾਮਿਲ ਕੀਤਾ ਹੁੰਦਾ ਹੈ। ਜੇ ਕੰਪਨੀ ਵਾਲੇ ਸਹੂਲਤਾਂ ਦਿੰਦੇ ਹਨ, ਤਾਂ ਉਹ ਮੁਲਾਜ਼ਮਾਂ ਕੋਲੋਂ ਕੰਮ ਵੀ ਵੱਧ ਤੋਂ ਵੱਧ ਹੀ ਲੈਂਦੇ ਹਨ। ਇੰਝ ਪੰਜ ਦਿਨ ਕੰਮ ਕਰਕੇ ਬੰਦਾ ਸ਼ਨੀਵਾਰ ਨਹਾ ਧੋ ਹੀ ਸਕਦਾ ਹੈ ਤੇ ਐਤਵਾਰ ਨੂੰ ਤਾਂ ਸਿਰਫ਼ ਗੁਰਦੁਆਰੇ ਜਾਣ ਜੋਗਾ ਹੀ ਰਹਿ ਜਾਂਦਾ ਹੈ।

ਅੱਜ ਕੱਲ੍ਹ ਭਰਾੜਾ ਸਾਹਿਬ ਨੇ ਆਪਣਾ ਕੰਮ ਸ਼ੁਰੂ ਕੀਤਾ ਹੋਇਆ ਹੈ। ਉਹ ਕਹਿੰਦੇ ਹਨ, ਕਿ ਇਹ ਕੰਮ ਪਹਿਲੇ ਕੰਮਾਂ ਨਾਲੋਂ ਔਖਾਂ ਜ਼ਰੂਰ ਹੈ, ਪਰ ਇਸ ਵਿਚ ਅਜ਼ਾਦੀ ਹੈ। ਉਹਨਾਂ ਨੇ ਇਕ ਬਹੁਤ ਵੱਡੀ ਬੀਮਾ ਕੰਪਨੀ, ਆਲਸੈਟ, ਦੀ ਏਜੰਸੀ ਲਈ ਹੋਈ ਹੈ। ਮੈਂ ਜਿਤਨੇ ਦਿਨ ਉਹਨਾਂ ਕੋਲ ਰਿਹਾ ਹਾਂ, ਮੈਂ ਇਹ ਦੇਖਿਆ ਹੈ ਕਿ ਦਫ਼ਤਰ ਵਿਚ ਤਾਂ ਉਹਨਾਂ ਨੂੰ ਕਿਸੇ ਨਾਲ ਗੱਲ ਕਰਨ ਦੀ ਫ਼ੁਰਸਤ ਹੀ ਨਹੀਂ ਮਿਲਦੀ। ਉੱਥੇ ਹਰ ਵੇਲੇ ਟੈਲੀਫੋਨ ਹੀ ਖੜਕਦੇ ਰਹਿੰਦੇ ਹਨ। ਪਰ ਉਹ ਟੈਲੀਫੋਨ ਤੇ ਕਦੇ ਵੀ ਆਪਣਾ ਪੂਰਾ ਨਾਂ ਨਹੀਂ ਬੋਲਦੇ। ਉਹ ਸਿਰਫ਼ ਏਨਾ ਹੀ ਕਹਿ ਦਿੰਦੇ ਹਨ: ਹੈਲੋ, ਮੈਨੀ ਬਰਾੜ ਹੇਅਰ। ਆਲ ਸੈਟ, ਮੇ ਆਈ ਹੈਲਪ ਯੂ? ਫਿਰ ਸ਼ਾਇਦ ਅਗਲਾ ਬੰਦਾ ਵੀ ਆਪਣਾ ਨਾਂ ਦਸਦਾ ਹੈ, ਤਾਂ ਇਹ ਉਸ ਦਾ ਨਾਂ ਲੈ ਕੇ ਹਾਲ-ਚਾਲ ਪਹਿਲਾਂ ਪੁੱਛਦੇ ਹਨ ਤੇ ਫਿਰ ਕੰਮ ਵੀ। ਹੁਣ ਤਾਂ ਅਮਰੀਕਾ ਵਿੱਚ ਟੈਲੀਫੋਨ ਕਰਨਾ ਵੀ ਆਪਣੇ ਆਪ ਵਿੱਚ ਇਕ ਲੁਤਫ਼ ਬਣ ਗਿਆ ਹੈ। ਕਿਵੇਂ ਗੱਲ ਕਰਨੀ ਹੈ, ਕਿਸੇ ਨੂੰ ਕਿਵੇਂ ਸੰਬੋਧਨ ਕਰਨਾ ਆਦਿ ਗੈਰ-ਰਸਮੀ ਗੱਲਾਂ ਕਰਨੀਆਂ ਵੀ ਇਕ ਰਸਮ ਹੀ ਬਣ ਗਈ ਹੈ। ਤੁਸੀਂ ਫੋਨ ਉੱਤੇ, ਜਿਸ ਨੂੰ ਕਦੇ ਭਾਵੇਂ ਨਹੀਂ ਵੇਖਿਆ ਉਸ ਦੀ ਵੀ ਪ੍ਰਸੰਸਾ ਕਰੋਗੇ ਕਿ "ਤੁਹਾਡੀ ਆਵਾਜ਼ ਤਾਂ ਬਹੁਤ ਹੀ ਮਿੱਠੀ ਹੈ" ਤਾਂ ਅੱਗੋਂ ਉਹ ਵੀ ਏਨੀ ਜ਼ਿਆਦਾ ਖੁਸ਼ੀ ਪ੍ਰਗਟ ਕਰੇਗਾ, ਕਿ ਤੁਹਾਡਾ ਉਸਨੂੰ ਗਲਵਕੜੀ ਪਾਉਣ ਨੂੰ ਵੀ ਦਿਲ ਕਰਦਾ ਹੈ। ਭਰਾੜਾ ਸਾਹਿਬ ਕੰਪਿਊਟਰ ਅਤੇ ਫੈਕਸ ਮਸ਼ੀਨਾਂ ਰਾਹੀਂ ਵੀ ਆਪਣਾ ਕੰਮ ਬਾਖੂਬੀ ਨਿਭਾਉਂਦੇ ਹਨ। ਇਹ ਕੰਮ ਕਰਨ ਦਾ ਉਹਨਾਂ ਦੇ ਮਨ ਵਿੱਚ ਬੜਾ ਚਾਅ ਹੈ।

ਭਾਵੇਂ ਉਹ ਦੁਨਿਆਵੀ ਕੰਮਾਂ ਵਿੱਚ ਜ਼ਿਆਦਾ ਰੁੱਝੇ ਹੋਏ ਹਨ, ਪਰ ਉਹਨਾਂ ਨੇ ਗੁਰੂ ਘਰ ਦੀ ਸੇਵਾ ਵੀ ਨਹੀਂ ਛੱਡੀ। ਅਜੇ ਵੀ ਬਹੁਤੇ ਕੀਰਤਨੀਏ ਭਰਾੜਾ ਸਾਹਿਬ ਹੀ ਬੁੱਕ ਕਰਦੇ ਹਨ। ਕੀਰਤਨੀਏ ਉਹਨਾਂ ਕੋਲ ਆ ਕੇ ਠਹਿਰਦੇ ਹਨ। ਇਸ ਸ਼ਹਿਰ ਦੀ ਸਿੱਖ ਸੰਗਤ ਨੇ ਇਕ ਹਾਲ ਕਿਰਾਏ ਤੇ ਲਿਆ ਹੋਇਆ ਹੈ, ਜਿਸ ਵਿਚ ਉਹ ਆਪ ਦਿਵਾਨ ਸਜਾਉਂਦੇ ਹਨ। ਹੁਣ ਉਹ ਆਪ ਥਾਂ ਖਰੀਦ ਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਣ ਦੀ ਯੋਜਨਾ ਵੀ ਬਣਾ ਰਹੇ ਹਨ। ਇਹਨਾਂ ਦੇ ਗੁਰਦੁਆਰਾ ਸਾਹਿਬ ਵਿੱਚ ਹੀ ਮੈਨੂੰ ਸਵਰਗਵਾਸੀ ਸ੍ਰ. ਨਰਿੰਦਰ ਸਿੰਘ ਜਿਹੜੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਉਪ ਸਕਤਰ ਹੁੰਦੇ ਸਨ ਦੇ ਸਪੁੱਤਰ ਭੁਪਿੰਦਰ ਸਿੰਘ ਅਤੇ ਉਹਨਾਂ ਦੀ ਪਤਨੀ ਵੀ ਮਿਲੇ। ਜਦੋਂ ਕੋਈ ਜਾਣਿਆਂ-ਪਹਿਚਾਣਿਆਂ ਬੰਦਾ ਮਿਲ ਜਾਵੇ ਤਾਂ ਪੁਰਾਣੀਆਂ ਯਾਦਾਂ ਮੁੜ ਤਾਜ਼ਾ ਹੋ ਜਾਂਦੀਆਂ ਹਨ। ਉਥੇ "ਅੰਮ੍ਰਿਤ ਕੀਰਤਨ" ਦੇ ਵੀ ਅਨੇਕਾਂ ਮੈਂਬਰ ਬਣੇ।

ਇਸ ਸੂਬੇ ਤੋਂ ਮੈਂ ਲਾਸ-ਐਂਜਲਸ ਪਹੁੰਚਣਾ ਸੀ। ਇਸ ਲਈ ਮੇਰੀ ਸੀਟ ਪਹਿਲਾਂ ਹੀ ਬੁੱਕ ਸੀ। ਟੈਰੀਵਿਲੇ ਤੋਂ ਨਿਊਯਾਰਕ ਹਵਾਈ ਅੱਡੇ ਤਕ ਵਿਸ਼ੇਸ਼ ਤਰ੍ਹਾਂ ਦੀ ਬਸ ਟੈਕਸੀ ਜਿਸ ਨੂੰ ਲਿਮੋ ਸਰਵਿਸਾਂ ਕਹਿੰਦੇ ਹਨ, ਵਿੱਚ ਸਫ਼ਰ ਵੀ ਆਪਣੇ ਆਪ ਵਿੱਚ ਇਕ ਨਵਾਂ ਹੀ ਕ੍ਰਿਸ਼ਮਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੁੰਦੀ ਹੈ, ਕਿ ਬਸ ਦਾ ਡਰਾਈਵਰ ਇਕੱਲਾ ਹੀ ਕੰਡਕਟਰ, ਕੁਲੀ ਤੇ ਗਾਈਡ ਦਾ ਕੰਮ ਕਰਦਾ ਹੈ। ਇਥੋਂ ਤਕ ਕਿ ਉਹ ਆਪਣੀਆਂ ਗੱਲਾਂ-ਬਾਤਾਂ ਦੇ ਜ਼ਰੀਏ ਵੀ ਸਫ਼ਰ ਨੂੰ ਰੋਚਕ ਬਣਾਈ ਜਾਂਦਾ ਹੈ। ਹਰੇਕ ਬਸ ਡਰਾਈਵਰ ਕੋਲ ਸਾਊਂਡ-ਸਿਸਟਮ ਹੁੰਦਾ ਹੈ।

ਨਿਊਯਾਰਕ ਹਵਾਈ ਅੱਡੇ ਤੋਂ ਮੈਂ ਲਾਸ ਐਂਜਲਸ ਜਾਣਾ ਸੀ। ਇਥੋਂ ਲਾਸ ਐਂਜਲਸ ਦਾ ਲਗਭਗ ਅੱਠ ਘੰਟੇ ਦਾ ਸਫ਼ਰ ਹੈ। ਜਦਕਿ ਸਮੇਂ ਦਾ ਤਿੰਨ ਘੰਟੇ ਦਾ ਫ਼ਰਕ ਹੈ। ਹਿਸਾਬ ਲਗਾਓ, ਤਾਂ ਦਿੱਲੀ ਤੋਂ ਪੈਰਿਸ ਦਾ ਵੀ ਇਤਨਾ ਹੀ ਸਫ਼ਰ ਹੈ। ਮੈਂ ਨਿਊਯਾਰਕ ਤੋਂ ਹਵਾਈ ਜਹਾਜ਼ ਰਾਹੀਂ ਰਾਤੀਂ ਅੱਠ ਵਜੇ ਚਲਿਆ ਤੇ ਪੂਰੇ ਅੱਠ ਘੰਟੇ ਦਾ ਸਫ਼ਰ ਤਹਿ ਕੀਤਾ, ਤਾਂ ਵੀ ਲਾਸ-ਐਂਜਲਸ ਵਿੱਚ ਅਜੇ ਰਾਤ ਦੇ (11) ਗਿਆਰਾਂ ਹੀ ਵੱਜੇ ਸਨ।

ਬਾਕੀ ਫਿਰ

## ਇਕ ਚੰਗੀ ਆਦਤ

ਮੈਗਜ਼ੀਨ ਦਾ ਚਿੱਟ ਨੰਬਰ ਕਿਸੇ ਡਾਇਰੀ ਵਿੱਚ ਨੋਟ ਕਰਕੇ ਰੱਖੋ। ਇਸ ਤਰ੍ਹਾਂ ਤੁਸੀਂ ਮੈਗਜ਼ੀਨ ਦੇ ਨਾ ਪੁੱਜਣ 'ਤੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਆਪਣਾ ਤੇ ਮੈਗਜ਼ੀਨ ਪ੍ਰਬੰਧਕਾਂ ਦਾ ਬਹੁਤ ਸਾਰਾ ਸਮਾਂ ਬਚਾ ਸਕਦੇ ਹੋ।

ਮੈਗਜ਼ੀਨ ਨਾ ਪੁੱਜਣ ਦੀ ਤੁਰੰਤ ਸੂਚਨਾ ਦਿਓ। 5 ਜਾਂ 6 ਮਹੀਨੇ ਬਾਅਦ ਸ਼ਿਕਾਇਤ ਭੇਜਣ ਤੇ ਸ਼ਾਇਦ ਅਸੀਂ ਆਪ ਦੀ ਉਚਿਤ ਸੇਵਾ ਨਾ ਕਰ ਸਕੀਏ।

ਮੈਨੇਜਰ, ਅੰਮ੍ਰਿਤ ਕੀਰਤਨ

**ਕੈਸਟ ਸਮੀਖਿਆ**

# "ਮੈਂ ਮਨਿ ਵਡੀ ਆਸ ਹਰੇ"

ਪ੍ਰਿੰਸੀਪਲ ਦਰਸ਼ਨ ਸਿੰਘ ਬਾਗੜੀਆਂ*

ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਨੇ ਚਾਇਸ ਸੇਲਜ਼ ਇੰਡੀਆ ਦੇ ਸਹਿਯੋਗ ਨਾਲ ਗੁਰਬਾਣੀ ਕੀਰਤਨ ਦੇ ਜਿਹੜੇ ਤਿੰਨ ਔਡੀਓ ਕੈਸਟ ਕੀਰਤਨ ਪ੍ਰੇਮੀਆਂ ਦੇ ਭੇਟ ਕਰਨ ਦਾ ਉਪਰਾਲਾ ਕੀਤਾ ਹੈ ਉਨ੍ਹਾਂ ਵਿਚੋਂ ਪਹਿਲਾਂ ਕੈਸਟ "ਮੈਂ ਮਨਿ ਵਡੀ ਆਸ ਹਰੇ" ਦੇ ਗਾਇਕ ਪ੍ਰੋਫੈਸਰ ਪਰਮਜੋਤ ਸਿੰਘ ਜੀ ਹਨ ਜੋ ਇਸ ਵੇਲੇ ਪੰਜਾਬ ਸਿੰਧ ਬੈਂਕ ਵਲੋਂ ਗ੍ਰੀਨ ਪਾਰਕ ਜਲੰਧਰ ਵਿਖੇ ਸਥਾਪਿਤ ਕੀਤੀ ਭਗਤੀ ਸੰਗੀਤ ਆਰਕਾਈਵਜ਼ ਦੇ ਮੈਨੇਜਰ ਵਜੋਂ ਸੇਵਾ ਕਰ ਰਹੇ ਹਨ। ਜਿਸ ਕਾਰਜ ਲਈ ਆਪ ਦੇ ਸਹਿਯੋਗੀ ਸਰਦਾਰ ਅਮਰਜੀਤ ਸਿੰਘ ਜੀ ਵੀ ਟੈਕਨੀਕਲ ਸਹਾਇਕ ਵਜੋਂ ਸੇਵਾ ਨਿਭਾ ਰਹੇ ਹਨ।

ਗੁਰੂ ਗੋਬਿੰਦ ਸਿੰਘ ਸਟਡੀ ਸਰਕਲ, ਜਿਥੋਂ ਤਕ ਮੈਨੂੰ ਆਪਣੇ ਸੱਜਣਾ ਮਿਤਰਾਂ ਤੋਂ ਪਤਾ ਲੱਗਾ ਹੈ, ਨਿਸ਼ਕਾਮ, ਸਿੱਖੀ ਦਾ ਦਰਦ ਰੱਖਣ ਵਾਲੇ, ਪੂਰਨ ਲਗਨ ਵਾਲੇ ਗੁਰਮੁਖਾਂ ਵਲੋਂ ਚਲਾਈ ਜਾ ਰਹੀ ਲੁਧਿਆਣੇ ਦੀ ਇਕ ਸੰਸਥਾ ਹੈ। ਮੈਂ ਤਾਂ ਇਉਂ ਸਮਝਦਾ ਹਾਂ ਕਿ ਇਸ ਸੰਸਥਾ ਦੇ ਆਰੰਭ ਹੋਣ ਦਾ ਮੁਖ ਕਾਰਨ ਤਾਂ ਗੁਰਮੁਖ ਪਿਆਰਿਆਂ ਦੇ ਮਨ ਵਿਚ ਉੱਠੀ ਇਕ ਪੀੜ ਸੀ, ਇਕ ਦੁਖ ਸੀ, ਇਕ ਕਸਕ ਸੀ ਕਿ ਆਜ਼ਾਦੀ ਤੋਂ ਬਾਅਦ ਕਾਲਜਾਂ ਵਿਚ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਵਿਚੋਂ ਸਿੱਖੀ ਦਾ ਅਭਾਵ ਹੋ ਰਿਹਾ ਹੈ, ਪਤਿਤਪੁਣਾ ਵਧ ਰਿਹਾ ਹੈ, ਨਸ਼ਿਆਂ ਦਾ ਸੇਵਨ ਉਹਨਾਂ ਦੀ ਬਲ ਬੁੱਧੀ ਦਾ ਵਿਨਾਸ਼ ਕਰ ਰਿਹਾ ਹੈ ਅਤੇ ਸਿੱਖ ਸੰਸਥਾਵਾਂ ਉਨ੍ਹਾਂ ਨੂੰ ਸੇਧ ਦੇਣ ਤੋਂ ਅਸਮ੍ਰਥ ਹੋਈਆਂ ਪ੍ਰਤੀਤ ਹੁੰਦੀਆਂ ਹਨ। ਸੋ ਇਸ ਸਟਡੀ ਸਰਕਲ ਨੇ ਯੁਵਾ ਪੀਹੜੀ ਨੂੰ ਸੇਧ ਦੇਣ ਦਾ ਬੀੜਾ ਚੁਕਿਆ। ਇਸ ਸੰਸਥਾ ਦੇ ਉਪਰਾਲਿਆਂ ਦੇ ਮੁਖ ਅੰਗ "ਸਾਡਾ ਵਿਰਸਾ ਸਾਡਾ ਗੌਰਵ" ਮਾਸਕ ਪਤਰ ਕੱਢਣਾ, ਸਿਖ ਬੁਕ ਸੈਂਟਰ ਦੀ ਸਥਾਪਨਾ, ਸਿੱਖੀ ਦੇ ਸਾਹਿਤ ਦੀ ਸਿਰਜਨਾ, ਪਰਤਿਸ਼ਠ ਸੰਤ-ਸਿਪਾਹੀਆਂ ਦਾ ਸਨਮਾਨ ਕਰਨਾ, ਗੋਸ਼ਟੀਆਂ, ਮੀਟਿੰਗਜ਼ ਆਦਿ ਨੂੰ ਆਯੋਜਿਤ ਕਰਨਾ ਆਦਿ ਗਿਣੇ ਜਾ ਸਕਦੇ ਹਨ। ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਦੀ ਸਥਾਪਨਾ ਦੇ ਪੱਚੀ ਸਾਲ ਪੂਰੇ ਹੋਣ ਤੇ ਸਿਲਵਰ ਜੁਬਲੀ ਮਨਾਉਣ ਦਾ ਇਕ ਅੰਗ, ਗੁਰਬਾਣੀ ਕੀਰਤਨ ਦੇ ਪੁਰਾਤਨ ਵਿਰਸੇ ਦੀ ਮੌਜੂਦਾ ਨੌਜਵਾਨ ਵਿਰਸੇ ਲਈ ਕੀਰਤਨੀਏ ਜੋ ਸੰਭਾਲ ਕਰ ਰਹੇ ਹਨ, ਉਸ ਨੂੰ ਤਿੰਨ ਕੈਸਟਾਂ ਦੇ ਇਕ ਸੈਟ ਵਿਚ ਸੁਰਖਿਅਤ ਕਰਨ ਦਾ ਨਵਾਂ ਉਪਰਾਲਾ ਕਰਨਾ ਹੈ। ਮੈਨੂੰ ਕਿਉਂਕਿ ਤਿਨਾਂ ਕੈਸਿਟਸ ਵਿਚੋਂ ਕੇਵਲ ਇਕ ਕੈਸਟ ਹੀ ਪ੍ਰਾਪਤ ਹੋ ਸਕੀ ਹੈ ਇਸ ਲਈ ਮੈਂ ਆਪਣੇ ਵਿਚਾਰਾਂ ਨੂੰ ਇਸ ਇਕ ਕੈਸਟ ਤਕ ਹੀ ਸੀਮਿਤ ਰੱਖ ਕੇ ਪਾਠਕਾਂ ਨਾਲ ਸਾਂਝਿਆਂ ਕਰ ਰਿਹਾ ਹਾਂ।

ਪ੍ਰੋਫੈਸਰ ਪਰਮਜੋਤ ਸਿੰਘ ਖੁਸ਼ਕਿਸਮਤ ਗੁਰਮੁਖ ਪਿਆਰੇ ਹਨ ਜਿਨ੍ਹਾਂ ਨੂੰ ਕੀਰਤਨ ਦੀ ਦਾਤ ਵਿਰਸੇ ਵਿਚ ਮਿਲੀ ਹੈ ਅਤੇ ਜਿਨ੍ਹਾਂ ਨੇ ਆਪਣੀ ਸ਼ਬਦ ਗਾਇਣ ਕਲਾ ਨੂੰ ਮਹਾਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਦੇ ਲੜ ਲੱਗ ਕੇ ਮਾਂਝਿਆਂ, ਨਿਖਾਰਿਆ ਅਤੇ ਸਵ੍ਹਾਰਿਆ ਹੈ। ਕੀਰਤਨ ਕਰਨਾ ਪ੍ਰੋਫੈਸਰ ਸਾਹਿਬ ਲਈ ਉਪਜੀਵਕਾ ਦਾ ਸਾਧਨ ਨਹੀਂ, ਨਿਰੋਲ ਸ਼ਰਧਾ ਹੈ, ਸਿਖ ਸੰਗਤ ਦੀ ਸੇਵਾ ਹੈ ਅਤੇ ਇਸ ਵਿਚ ਵਾਧਾ ਇਹ ਹੈ ਕਿ ਬਿਨਾ ਮਾਇਕ ਲਾਲਚ ਦੇ ਇਹ, ਬੱਚਿਆਂ, ਨੌਜਵਾਨਾਂ ਅਤੇ ਪ੍ਰੌੜ ਵਿਅਕਤੀਆਂ ਨੂੰ, ਸ਼ਬਦ ਗਾਇਨ ਦੀ ਸਿੱਖਿਆ ਵੀ ਦਿੰਦੇ ਹਨ। ਆਪ ਦੀ ਪਕੜ ਕੇਵਲ ਕਿਸੇ ਰਾਗ ਦੇ ਗਾਇਣ ਕਰਨ ਤਕ ਹੀ ਸੀਮਿਤ ਨਹੀਂ ਹੈ ਸਗੋਂ ਇਹ ਆਪਣੀ ਸਿਆਣਪ ਸਦਕਾ ਥਿਊਰੀ ਨੂੰ ਲਿਖਤੀ ਰੂਪ ਵਿਚ ਸਾਂਭ ਵੀ ਸਕਦੇ ਹਨ ਤਾਂ ਕਿ ਸਿਖਿਆਰਥੀਆਂ ਦੀਆਂ ਆਉਂਦੀਆਂ ਪੀੜ੍ਹੀਆਂ ਇਸ ਤੋਂ ਲਾਭ ਉਠਾ ਸਕਣ। ਮੈਂ ਇਨ੍ਹਾਂ ਦੇ ਉੱਦਮ ਅਤੇ ਘਾਲਣਾ ਦੇ ਨਤੀਜਿਆਂ ਵਲ ਇਸ਼ਾਰਾ ਕਰਨਾ ਮੁਨਾਸਬ ਸਮਝਦਾ ਹਾਂ। ਭਾਈ ਸਾਹਿਬ ਸਮੁੰਦ ਸਿੰਘ ਦੀ ਪਹਿਲੀ ਬਰਸੀ ਤੇ ਉਨ੍ਹਾਂ ਸੰਬੰਧੀ ਲਿਖਿਆ ਟ੍ਰੈਕਟ, "ਕਿਨਿ ਬਿਧਿ ਕੀਰਤਨ ਗਾਏ ਜੀਉ", ਛੋਟੀ ਪੁਸਤਕ "ਸਵੱਰ ਸਮੁੰਦ" ਅਤੇ ਗੁਰੂ ਗ੍ਰੰਥ ਸਾਹਿਬ ਦੇ ਇਕੱਤੀ ਰਾਗਾਂ ਦੀਆਂ ਨੁਟੇਸ਼ਨਾਂ ਸੰਬੰਧੀ ਪੁਸਤਿਕਾ "ਸਹਜ ਧੁਨਿ" ਉਨ੍ਹਾਂ ਦੀਆਂ ਗੁਰੂ-ਕੀਰਤਨ ਦੇ ਪ੍ਰੇਮੀਆਂ ਨੂੰ ਵਿਸ਼ੇਸ਼ ਦੇਣ ਹਨ।

"ਮੈਂ ਮਨ ਵਡੀ ਆਸ ਹਰੇ" ਔਡੀਓ ਕੈਸਟ ਵਿਚ ਪ੍ਰੋਫੈਸਰ ਪਰਮਜੋਤ ਸਿੰਘ ਵਲੋਂ ਮੰਗਲਾ ਚਰਨ ਤੋਂ ਇਲਾਵਾ ਛੇ ਸ਼ਬਦਾਂ ਦੇ ਗਾਇਨ ਨੂੰ ਸ਼ਾਮਲ ਕੀਤਾ ਗਿਆ ਹੈ। ਤਿੰਨ ਸ਼ਬਦ ਸਾਈਡ "ਏ" ਵਿਚ ਹਨ ਅਤੇ ਤਿੰਨ ਸ਼ਬਦ ਸਾਈਡ "ਬੀ" ਵਿਚ ਹਨ। ਜਿਨ੍ਹਾਂ ਵਿਚੋਂ ਪੰਜ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹਨ ਅਤੇ ਇਕ ਸ਼ਬਦ "ਜਾਗਤ ਜੋਤ ਜਪੈ ਨਿਸ ਬਾਸੁਰ" ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਹੈ। ਮੰਗਲਾ ਚਰਨ "ਹਉ - ਵਾਰਿ ਜਾਈ ਗੁਰ ਗੋਪਾਲ" ਅਕਾਲ ਪੁਰਖ ਦਾ ਆਵਾਹਨ ਅਤੇ ਰਾਗ ਦਾ ਸਰੂਪ ਬਨੰਣ ਦਾ ਉਦੱਮ ਹੈ।

ਕੈਸਟ ਦੇ 'ਏ' ਭਾਗ ਵਿਚ ਪਹਿਲਾ ਸ਼ਬਦ "ਮੈਂ ਮਨਿ ਵਡੀ ਆਸ ਹਰੇ" ਹੈ ਜੋ ਗੁਰੂ ਰਾਮ ਦਾਸ ਜੀ ਦਾ ਰਾਗ ਵਡਹੰਸ ਵਿਚ ਉਚਾਰਨ ਕੀਤਾ ਹੋਇਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 561 ਤੇ ਅੰਕਿਤ ਹੈ। ਪ੍ਰੋਫੈਸਰ ਸਾਹਿਬ ਨੇ ਇਸ ਦਾ ਗਾਇਨ ਰਾਗ ਵੰਡਹਸ ਵਿਚ ਹੀ ਕੀਤਾ ਹੈ। ਪ੍ਰੋਫੈਸਰ ਸਾਹਿਬ ਨੂੰ ਕੀਰਤਨ ਕਰਨ ਦੀ ਜਾਗ ਉਨ੍ਹਾਂ ਦੇ ਕੀਰਤਨੀਏ ਪਿਤਾ ਗਿਆਨੀ ਇੰਦਰ ਸ਼ਿੰਘ ਜੀ ਤੋਂ ਲੱਗੀ ਸੀ। ਗਿਆਨੀ ਜੀ ਜਦੋਂ ਆਪਣੀ ਨੌਕਰੀ ਦੇ ਸਬੰਧ ਵਿਚ ਤਰਨ ਤਾਰਨ ਵਿਚ ਨਿਯੁਕਤ ਸਨ ਤਾਂ ਉਨ੍ਹਾਂ ਨੇ ਬੜੀ ਲਗਨ ਨਾਲ ਪੰਡਿਤ ਨੱਥੂ ਰਾਮ ਜੀ ਦੀ ਤਰਨ ਤਾਰਨ ਟਕਸਾਲ ਤੋਂ ਅਨੇਕਾਂ ਹੀ ਪੁਰਾਤਨ ਰੀਤਾਂ ਦੇ ਗਾਇਨ ਦੀ ਮਹਾਰਤ ਹਾਸਲ ਕਰ ਲਈ ਸੀ। ਤਰਨ ਤਾਰਨ ਦੀ ਇਸ ਟਕਸਾਲ ਦੇ ਦੋ ਮਹਾਨ ਸਿਤਾਰੇ ਸੁਰਗਵਾਸੀ ਭਾਈ ਬਖਸ਼ੀਸ਼ ਸਿੰਘ ਅਤੇ ਸਾਬਕ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਬਲਬੀਰ ਸਿੰਘ ਦੀ ਮਹਾਨਤਾ ਨੂੰ

*ਨਿਵਾਸ : ਫਲੈਟ ਨੰ : 1244/2, ਸੈਕਟਰ 43-ਬੀ, ਚੰਡੀਗੜ੍ਹ (ਫੋਨ : 661632)

ਨਮਸਕਾਰ ਕੀਤੇ ਬਿਨਾ ਅਗੋਂ ਕੁਝ ਹੋਰ ਲਿਖ ਸਕਣਾ ਨਾਮੁਨਾਸਬ ਹੋਵੇਗਾ। ਵਡਹੰਸ ਦੀ ਇਹ ਰੀਤ ਜਿਸ ਦਾ ਗਾਇਨ ਪ੍ਰੋਫੈਸਰ ਪਰਮਜੋਤ ਸਿੰਘ ਨੇ ਕੀਤਾ ਹੈ ਦੋ ਸੌ ਸਾਲ ਤੋਂ ਵੀ ਪੁਰਾਣੀ ਦੱਸੀ ਜਾਂਦੀ ਹੈ, ਸ਼ੁਕਰ ਹੈ ਇਹ ਸਾਂਭੀ ਗਈ ਹੈ। ਏਨਾ ਮਧੁਰ, ਪੁਖਤਾ, ਰਾਗ ਬੱਧ ਗਾਇਨ ਕਿਸੇ ਤਾਰੀਫ਼ ਦਾ ਮੁਥਾਜ ਨਹੀਂ, ਸੁਣਨ ਨਾਲ ਹੀ ਸਬੰਧ ਰਖਦਾ ਹੈ। ਸਰੋਤੇ ਵਾਹ ਵਾਹ ਕਰ ਉਠਣਗੇ।

ਦੂਜਾ ਸ਼ਬਦ "ਦ੍ਰਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ" ਪ੍ਰਭਾਤੀ ਮਹੱਲਾ 1 ਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 1329 ਤੇ ਅੰਕਿਤ ਹੈ। ਪ੍ਰੋਫੈਸਰ ਸਾਹਿਬ ਨੇ ਇਸ ਦਾ ਗਾਇਣ ਵੀ ਪ੍ਰਭਾਤੀ ਦੀ ਪੁਰਾਤਨ ਰੀਤ ਵਿਚ ਕੀਤਾ ਹੈ। "ਬੋਲਹੁ ਸਚੁ ਨਾਮੁ ਕਰਤਾਰ" ਨੂੰ ਟੇਕ ਬਣਾਇਆ ਹੈ। ਇਸ ਪੁਰਾਤਨ ਰੀਤ ਵਿਚ ਭਾਈ ਸਾਹਿਬ ਸਮੁੰਦ ਸਿੰਘ ਜੀ ਇਸ ਦਾ ਗਾਇਣ ਕੀਤਾ ਕਰਦੇ ਸਨ। ਇਹ ਪ੍ਰੋਫੈਸਰ ਸਾਹਿਬ ਦੀ ਵਡਿਆਈ ਹੈ, ਕਿ ਭਾਈ ਸਾਹਿਬ ਸਮੁੰਦ ਸਿੰਘ ਦੀ ਇਸ ਰੀਤ ਨੂੰ ਵੀ ਹਮੇਸ਼ਾ ਲਈ ਸਾਂਭ ਦਿੱਤਾ ਹੈ। ਭਾਈ ਸਮੁੰਦ ਸਿੰਘ ਦਾ ਤਾਂ ਕੋਈ ਸਾਨੀ ਨਹੀਂ ਹੋਣਾ ਪਰ ਪ੍ਰੋਫੈਸਰ ਸਾਹਿਬ ਨੇ ਕਿਉਂਕਿ ਉਨ੍ਹਾਂ ਤੋਂ ਸਿੱਖਿਆ ਲਈ ਹੋਈ ਹੈ, ਉਨ੍ਹਾਂ ਦੀ ਸੰਗਤ ਵਿਚ ਸ਼ਬਦ ਗਾਇਣ ਕਲਾ ਦੀ ਨੇੜਤਾ ਕਾਰਣ ਇਹ ਸ਼ਬਦ ਸੁਣ ਕੇ ਆਨੰਦ ਆ ਜਾਂਦਾ ਹੈ।

ਤੀਜਾ ਸ਼ਬਦ ਸੋਰਠ ਦੀ ਵਾਰ ਮਹਲਾ 3 ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰ 644 ਵਿਚੋਂ ਲਿਆ ਗਿਆ ਸ਼ਬਦ "ਘਰ ਹੀ ਮਹਿ ਅਮ੍ਰਿਤ ਭਰਪੂਰ ਹੈ" ਵੀ ਭਾਈ ਸਮੁੰਦ ਸਿੰਘ ਦੀ ਗਾਇਣ ਰੀਤ ਨੂੰ ਸਰੋਤਿਆਂ ਤਕ ਲਿਆਉਂਦਾ ਹੈ। ਇਸ ਦਾ ਗਾਇਣ ਰਾਗ ਭੈਰਉ ਵਿਚ ਕੀਤਾ ਗਿਆ ਹੈ ਜਿਸ ਦਾ ਨਿਭਾਉ ਵੀ ਅਤਿਅੰਤ ਸ਼ਲਾਘਾ ਦੀ ਮੰਗ ਕਰਦਾ ਹੈ।

ਸਾਈਡ "ਬੀ" ਦਾ ਪਹਿਲਾ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੈ ਜਿਸ ਨੂੰ ਪ੍ਰੋਫੈਸਰ ਸਾਹਿਬ ਨੇ ਪੰਡਿਤ ਨਥੂ ਰਾਮ ਦੀ ਟਕਸਾਲ ਵਾਲੀ ਰੀਤ ਵਿਚ ਬਹਾਰ ਵਿਚ ਗਾਇਆ ਹੈ। ਇਸ ਰੀਤ ਨੂੰ ਸਦਾ ਬਹਾਰ ਵੀ ਕਹਿੰਦੇ ਹਨ। ਏਨੇ ਮਧੁਰ ਅਤੇ ਖੂਬਸੂਰਤ ਗਾਇਣ ਦਾ ਆਨੰਦ ਇਸ ਨੂੰ ਸਰਵਨ ਕਰ ਕੇ ਹੀ ਮਾਣਿਆ ਜਾ ਸਕਦਾ ਹੈ। ਇਕ ਦੋ ਵਾਰੀ ਹਾਰਮੋਨੀਅਮ ਦੀਆਂ ਸੁਰਾਂ ਨੇ ਭਾਰੂ ਹੋਣ ਦਾ ਹੀਆ ਤਾਂ ਕੀਤਾ ਸੀ ਪਰ ਪ੍ਰੋਫੈਸਰ ਸਾਹਿਬ ਨੇ ਇਸ ਨੂੰ ਸ਼ਬਦ ਦੀ ਤਾਬਿਆ ਰੱਖਣ ਵਿਚ ਸਫਲਤਾ ਪ੍ਰਾਪਤ ਕਰ ਲਈ।

ਇਸ ਤੋਂ ਅਗਲਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1186 ਤੇ ਅੰਕਿਤ "ਮਾਈ ਮੈ ਧਨੁ ਪਾਇਓ ਹਰਿ ਨਾਮੁ" ਰਾਗ ਬਸੰਤ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਹੈ। ਪ੍ਰੋਫੈਸਰ ਸਾਹਿਬ ਨੇ ਇਸ ਦਾ ਗਾਇਣ ਤਰਨ ਤਾਰਨੀ ਟਕਸਾਲ ਪੰਡਿਤ ਨਥੂ ਰਾਮ ਵਾਲੀ ਰੀਤ ਅਨੁਸਾਰ ਹੀ ਕੀਤਾ ਹੈ। ਰਾਗ ਬਸੰਤ ਦੇ ਗਾਇਣ ਦੀ ਪ੍ਰੰਪਰਾ ਹੈ ਕਿ ਮਾਘੀ ਵਾਲੇ ਦਿਨ ਤੋਂ ਸ਼ੁਰੂ ਕਰਕੇ ਚੇਤ ਚੜ੍ਹਦੇ ਤਕ ਯਾਨੀ ਹੋਲੇ ਮਹੱਲੇ ਤੱਕ ਇਸ ਰਾਗ ਦਾ ਗਾਇਣ ਕਿਸੇ ਸਮੇਂ ਵੀ ਕੀਤਾ ਜਾ ਸਕਦਾ ਹੈ। ਰਾਗ ਬਸੰਤ ਦੇ ਪਹਿਰੇ ਵਿਚ ਰਾਗ ਸਾਰੰਗ ਦੇ ਗਾਉਣ ਦੀ ਪ੍ਰੰਪਰਾ ਨਹੀਂ ਹੈ। ਪ੍ਰੋਫੈਸਰ ਪਰਮਜੋਤ ਸਿੰਘ ਨੇ "ਮਾਈ ਮੈ ਧਨੁ ਪਾਇਓ ਹਰਿ ਨਾਮੁ" ਦਾ ਗਾਇਣ ਸ਼ੁਧ ਬਸੰਤ ਵਿਚ ਕਰਕੇ ਆਨੰਦ ਅਤੇ ਖੇੜੇ ਦਾ ਵਾਤਾਵਰਣ ਪੈਦਾ ਕਰ ਦਿੱਤਾ ਹੈ।

ਇਸ ਕੈਸਿਟ ਵਿਚਲਾ ਆਖਰੀ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 534 ਤੇ ਦੇਵ ਗੰਧਾਰੀ ਮਹਲਾ 5 ਦਾ ਸ਼ਬਦ "ਅਮ੍ਰਿਤ ਪ੍ਰਿਆ ਬਚਨ ਤੁਹਾਰੇ" ਹੈ ਜਿਸ ਨੂੰ ਪ੍ਰੋਫੈਸਰ ਸਾਹਿਬ ਨੇ ਭਾਈ ਸਾਹਿਬ ਸਮੁੰਦ ਸਿੰਘ ਜੀ ਦੀ ਰੀਤ ਅਨੁਸਾਰ "ਮਨਿ ਪ੍ਰੀਤ ਚਰਨ ਕਮਲਾ ਰੇ" ਤੁਕ ਦੀ ਟੇਕ ਰੱਖ ਕੇ ਰਾਗ ਹੋਰੀ/ਕਾਫੀ ਵਿਚ ਗਾਇਆ ਹੈ। ਇਸ ਨੂੰ ਸਰਵਣ ਕਰਦੇ ਜਦੋਂ ਸਰੋਤੇ ਸ਼ਬਦ ਨਾਲ ਜੁੜ ਜਾਂਦੇ ਹਨ ਤਾਂ ਰੂਹਾਨੀ ਖੇੜਾ ਅਤੇ ਆਨੰਦ ਦਾ ਵਾਤਾਵਰਣ ਉਨ੍ਹਾਂ ਨੂੰ ਆਪਣੀ ਗਲਵਕੜੀ ਵਿਚ ਲੈ ਲੈਂਦਾ ਹੈ।

ਗੁਰਬਾਣੀ ਕੀਰਤਨ ਦੀ ਪ੍ਰੰਪਰਾ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਚਲੀ ਆ ਰਹੀ ਹੈ। ਇਸ ਨੂੰ ਪਰਪੱਕ ਹੋਣ ਵਿਚ ਦੋ ਸੌ ਸਾਲ ਲੱਗੇ ਹਨ। ਕੀਰਤਨ ਨਿਰਧਾਰਿਤ ਰਾਗਾਂ ਵਿਚ ਹੀ ਸੁਖਦਾਈ ਹੁੰਦਾ ਹੈ। ਸੁਰਤ ਨੂੰ ਵਾਹਿਗੁਰੂ ਦੇ ਚਰਨਾਂ ਨਾਲ ਜੋੜਦਾ ਹੈ। ਮਨ ਇਕਾਗਰ ਕਰਦਾ ਹੈ। ਇਸ ਨੂੰ ਸਹਿਜ ਅਵਸਥਾ ਵਿਚ ਲਿਜਾ ਕੇ ਆਤਮਕ ਸੁੱਖ ਪ੍ਰਦਾਨ ਕਰਦਾ ਹੈ ਅਤੇ ਨਾਮ ਵਿਚ ਲੀਨ ਹੋਣ ਦੀ ਸਮਥਾ ਬਖਸ਼ਦਾ ਹੈ। ਪ੍ਰੋਫੈਸਰ ਪਰਮਜੋਤ ਸਿੰਘ ਦੇ ਇਸ ਕੈਸਟ ਨੂੰ ਸੁਣ ਕੇ ਵੀ ਮਨ ਦੀ ਕੁਝ ਅਜਿਹੀ ਹੀ ਅਵਸਥਾ ਹੋ ਜਾਂਦੀ ਹੈ।

ਭਇਓ ਕਿਰਪਾਲ ਦੀਨ ਦੁਖ ਭੰਜਨ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ।


## WORLD PUNJABI WRITERS 'WHO' S WHO'

1. NAME :.............................. 2. FATHER'S NAME..............................
3. DATE OF BIRTH :..............................4. PLACE OF BIRTH ..............................
5. EDUCATION : ..............................6. PROFESSION ..............................
7. AWARD/PRIZES (IF ANY) :.............8. PUBLISHED BOOKS (YEAR WISE) 1)..............................
2). ..................3). .............................. 4.............................5)..............................
9.PERMANENT ADDRESS: ..............................10.SIGNATURE OF THE WRITER :..............

FILL, SIGN AND RETURN to the under signed within a months time to include your Bio-Data entry in the WORLD PUNJABI WRITERS 'WHO' S WHO' (English)

**YOURS SINCERLY**
**DR. J. S. SARNA**
Near Super Bazar, BARAMULLA
Kashmir - 193101 (INDIA)

# ਤੁਖਾਰੀ ਛੰਤ ਮਹਲਾ 1
## ਬਾਰਹਮਾਹਾ

ਗਿਆਨੀ ਲਾਲ ਸਿੰਘ

ਤੁਖਾਰੀ ਸਰਦ ਰੁੱਤ ਦਾ ਰਾਗ ਹੈ ਤੇ ਛੰਦ ਸ਼ਿੰਗਾਰ ਰਸ ਪ੍ਰਧਾਨ ਕਾਵਿ ਰੂਪ ਹੈ। ਇਨ੍ਹਾਂ ਦੋਹਾਂ ਦੇ ਸੰਜੋਗ ਤੋਂ ਗੁਰੂ ਨਾਨਕ ਦੇਵ ਜੀ ਰਚਿਤ ਪੰਜਾਬੀ ਦਾ ਪਹਿਲਾ ਬਾਰਹਮਾਹਾ ਹੋਂਦ ਵਿਚ ਆਇਆ।

ਬਾਰਾਂਮਾਹ ਤੁਖਾਰੀ ਇਕ ਲਘੂ ਬਾਣੀ ਹੈ ਜਿਸ ਵਿਚ ਕੇਵਲ 17 ਬੰਦ ਹਨ। ਹਰੇਕ ਬੰਦ ਵਿਚ 6 ਤੁਕਾਂ ਹਨ। ਹਰ ਬੰਦ ਇਕ ਸਰੋਦੀ ਕੂਕ ਹੈ ਜੋ ਆਪਣੇ ਆਪ ਵਿਚ ਮੁਕੰਮਲ ਹੈ। ਇਸ ਤਰ੍ਹਾਂ ਇਹ ਬਾਣੀ ਮੁਕਤਕ ਕਾਵਿ ਤੇ ਪ੍ਰਬੰਧ ਕਾਵਿ ਦੋਹਾਂ ਦਾ ਸੰਜੋਗ ਦਰਸਾਉਂਦੀ ਹੈ। ਹਰ ਛੰਤ ਮੁਕੰਮਲ ਹੋਣ ਕਰਕੇ ਬਾਣੀ ਦਾ ਸਾਰ ਦਸੱਣ ਲਈ ਰਹਾਉ ਦੀ ਤੁਕ ਦੀ ਅਣਹੋਂਦ ਹੈ। ਮਹੀਨੇ ਦੀ ਟੇਕ ਨਾਲ ਆਦਿ ਤੋਂ ਅੰਤ ਤਕ ਬਾਣੀ ਪ੍ਰਬੰਧ ਕਾਵਿ ਦੇ ਸਰੂਪ ਵਿਚ ਤਰਤੀਬੀ ਹੋਈ ਹੈ। ਪਰ 17 ਦੇ 17 ਬੰਦ ਮੁਕਤਕ ਕਾਵਿ ਦੇ ਰੂਪ ਵਿਚ ਵੀ ਪੜ੍ਹੇ ਜਾ ਸਕਦੇ ਹਨ। ਪ੍ਰਕਿਰਤੀ ਚਿਤ੍ਰਣ, ਆਤਮ ਚਿਤਵਨ, ਪ੍ਰੇਮਾ-ਭਗਤੀ, ਮਿਲਾਪ ਦੀ ਤਾਂਘ, ਤੇ ਪ੍ਰਾਪਤੀ ਤਥਾ ਅਪ੍ਰਾਪਤੀ ਤੇ ਵਿਛੋੜੇ ਦਾ ਦੁੱਖ, ਇਹ ਸਭ ਇਸ ਰਚਨਾ ਦਾ ਵਿਸ਼ਾ ਵਸਤੂ ਹਨ। ਪ੍ਰਚਲਤ ਸਾਖੀਆਂ ਵਿਚ ਇਸ ਰਚਨਾ ਨੂੰ ਗੁਰਦੇਵ ਦੀ ਅੰਤਮ ਵਿਸ਼ੇਸ਼ ਰਚਨਾ ਪਰਵਾਨ ਕੀਤਾ ਗਿਆ ਹੈ। ਇਸ ਲਈ ਇਸ ਦਾ ਰੂਪ ਤੇ ਰਸ ਪੱਕੇ ਮਿਠੇ ਫਲ ਵਰਗਾ ਹੈ। ਭਾਵਾਂ ਤੇ ਬੁੱਧੀ ਦਾ ਸੁਮੇਲ ਇੰਨ੍ਹਾ ਕਲਾਤਮਿਕ ਹੈ ਕਿ ਇਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜਨਾ ਔਖਾ ਹੈ। ਇਹ ਦੋਵੇਂ ਇਕ ਦੂਜੇ ਦੇ ਪੂਰਕ ਬਣ ਗਏ ਹਨ ਭਾਵੇਂ ਪ੍ਰਧਾਨ ਸੁਰ ਮਨੋਭਾਵਾਂ ਤੇ ਉਦਗਾਰਾਂ ਦੀ ਤੀਖਣਤਾ ਤੋਂ ਉਪਜੀ ਅਨੂਠੀ ਬਿਹਬਲਤਾ ਦਾ ਹੈ। ਫਿਰ ਵੀ ਇਸ ਨੂੰ ਸਹਿਜ ਤੇ ਗਿਆਨ ਦੇ ਅਨੁਸ਼ਾਸਨ ਵਿਚ ਢਾਲਿਆ ਗਿਆ ਹੈ। ਪ੍ਰਕਿਰਤੀ ਦੀ ਚਿਤਰਮਾਲਾ ਅੱਖਾਂ ਸਾਹਮਣੇ ਸੁਪਨੇ ਲਟਕਾਉਂਦੀ ਇਕ ਸਿਰੇ ਤੋਂ ਦੂਜੇ ਸਿਰੇ ਤਕ ਫਿਰ ਜਾਂਦੀ ਹੈ; ਅਤੇ ਬਾਰ੍ਹਾਂ ਮਹੀਨਿਆਂ ਦੁਆਰਾ ਸੰਪੂਰਨ ਵਰ੍ਹੇ ਦੀ ਦ੍ਰਿਸ਼ਾਵਲੀ ਅੱਖਾਂ ਸਾਹਮਣਿਓ ਦੀ ਲੰਘ ਜਾਂਦੀ ਹੈ। ਪਰ ਇਨ੍ਹਾਂ ਮਾਸਕ ਚੌਖਟਿਆਂ ਵਿਚ ਸੂਖਮ ਮਨੋਭਾਵਾਂ ਤੇ ਅਨੁਪਮ ਕਾਵਿ ਦੀ ਸੁੰਦਰ ਚਿਤਰਕਾਰੀ ਕੀਤੀ ਗਈ ਹੈ। ਜਿਸ ਦੀ ਨਿਰੋਲ ਕਾਵਿਕਤਾ ਅਭੁੱਲ ਤੇ ਅਤੁੱਲ ਹੈ। ਇਸਦੇ ਸਰੋਦੀ ਬੋਲ ਸਦਾ ਟੁੰਬਦੇ ਹਨ। ਰੂਪਕ, ਉਪਮਾਵਾਂ ਤੇ ਸੁਹਜਾਤਮਕ-ਬਿੰਬ ਵਿਧਾਨ ਅਤਿ ਸ੍ਰੇਸ਼ਟ ਕਾਵਿ ਪ੍ਰਤਿਭਾ ਦੀ ਸਾਖੀ ਭਰਦਾ ਹੈ। ਮਧੁਰ ਤੇ ਪ੍ਰਸਾਦਿ ਗੁਣਾਂ ਨਾਲ ਭਰਪੂਰ ਤੇ ਯੁਕਤ ਇਹ ਰਚਨਾ ਅਨੂਠੇ ਮਨੋਭਾਵਾਂ ਤੇ ਪ੍ਰੌੜ ਅਨੁਭਵ ਦੇ ਸੁਆਮੀ ਦੀ ਚਮਤਕਾਰੀ ਕਲਾ ਸਮਰਥਾ ਦਾ ਪ੍ਰਮਾਣ ਦਿੰਦੇ ਹਨ, ਜਿਹੜੀ ਕਲਾ ਦੈਵੀ ਆਵੇਸ਼ ਦੇ ਸਮੀਰੀ ਪ੍ਰਵਾਹ ਦੇ ਸਹਿਜ ਕਰਮ ਦਾ ਸੁਗਮ ਹੀ ਰੂਪ ਧਾਰ ਗਈ। ਇਕ ਸੁੰਦਰ ਸਰੋਦੀ ਮਧੁਰ ਪ੍ਰੀਤ ਕਾਵਿ ਤੇ ਪ੍ਰਕਿਰਤੀ ਰਚਨਾ ਦੇ ਨਾਤੇ ਇਸ ਰਚਨਾ ਦਾ ਦਰਜਾ ਸਦਾ ਸ਼੍ਰੋਮਣੀ ਹੈ। ਭਾਵੇਂ ਅਧਿਆਤਮਕ ਵਿਚਾਰ ਤੱਤਾਂ ਦਾ ਉਚੇਰਾ ਸਹਿਜ ਗਿਆਨ ਵੀ ਨਜ਼ਰੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਸਾਧਨ ਜਾਂ ਜੀਵ-ਰੂਪੀ ਇਸਤ੍ਰੀ, ਪਤੀ-ਮਿਲਾਪ ਲਈ ਸਦਾ ਵਿਆਕੁਲ ਹੈ। ਉਸ ਤੋਂ ਬਿਨਾਂ ਉਹ ਅੱਧੀ ਕੌਡੀ ਦੇ ਮੁੱਲ ਦੀ ਵੀ ਨਹੀਂ। ਬਦਲਦੀ ਪ੍ਰਕਿਰਤੀ ਦੇ ਸੁੰਦਰ ਦ੍ਰਿਸ਼ ਉਸ ਅੰਦਰ ਬ੍ਰਿਹਾ ਦੀ ਪੀੜ ਨੂੰ ਉਜਾਗਰ ਕਰ ਦਿੰਦੇ ਹਨ। ਜਿਉਂ ਜਿਉਂ ਬਸੰਤ ਰੁਤ ਮੌਲਦੀ ਹੈ ਤੇ ਫਲੀਆਂ, ਫੁਲ, ਡਾਲੀਆਂ ਉੱਤੇ ਭੌਰੇ ਗੁੰਜਾਰਦੇ ਹਨ, ਤਿਉਂ ਤਿਉਂ ਅੰਬ ਉਤੇ ਕੋਇਲ ਤੇ ਅੰਮ੍ਰਿਤ ਵੇਲੇ ਬੰਬੀਹੇ ਦੇ ਬੋਲਣ ਨਾਲ ਵਿਛੋੜੇ ਦੇ ਭਾਵ ਹੋਰ ਤਿੱਖੇ ਹੋ ਜਾਂਦੇ ਹਨ; ਪਰ ਵਿਆਕੁਲਤਾ ਦਾ ਇਹ ਹਾਲ ਹੈ ਕਿ ਉਹ ਤਪਦੇ ਜੇਠ ਤੇ ਭਖਦੇ ਹਾੜ੍ਹ ਵਿਚ ਵੀ ਖਹਿੜਾ ਨਹੀਂ ਛਡਦੀ ਅਤੇ ਸਾਵਣ ਮਹੀਨੇ ਦੇ ਸੁੰਦਰ ਪਿਆਰੇ ਦ੍ਰਿਸ਼ ਇਕੱਲੀ-ਸੇਜ ਨੂੰ ਹੋਰ ਵੀ ਦੁਹੇਲੀ ਕਰ ਦਿੰਦੇ ਹਨ। ਪਰ ਇਹ ਸਭ ਕੁਝ ਭਰ-ਜੋਬਨ ਦੇ ਭਰਮ ਕਾਰਨ ਪਛਤਾਵੇ ਵਾਂਗ ਹੈ। ਜਿਉਂ ਹੀ ਪ੍ਰਭੂ ਪ੍ਰੀਤਮ ਦੇ ਸਹਿਜ ਮਿਲਾਪ ਦੀ ਘੜੀ ਨੇੜੇ ਆ ਜਾਂਦੀ ਹੈ, ਆਤਮ ਤੀਰਥ ਉਤੇ ਇਸ਼ਨਾਨ ਕਰਕੇ ਜੀਵ ਇਸਤਰੀ ਹੋਰ ਵੀ ਪੁਨੀਤ ਹੋ ਜਾਂਦੀ ਹੈ ਅਤੇ ਪ੍ਰੇਮ ਦਾ ਰੰਗ ਹੋਰ ਨਿਖਰਦਾ ਹੈ ਤਾਂ ਉਹ ਗੁਰੂ ਦੀ ਕਿਰਪਾ ਦੁਆਰਾ ਵਰ ਰੂਪੀ ਥਿਰ ਸੁਹਾਗ ਨੂੰ ਪ੍ਰਾਪਤ ਕਰ ਲੈਂਦੀ ਹੈ। ਪ੍ਰੀਤਮ-ਪਿਆਰੇ ਦੀ ਯਾਦ ਵਿਚ ਬਿਤਾਇਆ ਗਿਆ ਸਾਰਾ ਬਾਰਹਮਾਹ ਤੇ ਉਸ ਦੇ ਬਾਰ੍ਹਾਂ ਹੀ ਮਹੀਨੇ ਤੇ ਸਭ ਰੁੱਤਾਂ ਭਲੀਆਂ ਹਨ। ਉਸ ਤੋਂ ਇਕ ਘੜੀ ਦਾ ਵਿਛੋੜਾ ਵੀ ਅਸਹਿ ਹੋ ਜਾਂਦਾ ਹੈ ਪਰ ਇਸ ਤਰ੍ਹਾਂ ਦਾ ਮੇਲ ਪੂਰਬ ਕਰਮਾਂ ਦੇ ਸੰਜੋਗਾਂ ਤੇ ਗੁਰੂ ਦੀ ਕਿਰਪਾ ਉੱਤੇ ਹੀ ਆਧਾਰਿਤ ਹੈ। ਇਸ ਕਾਰਜ ਕਰਮ ਦੇ ਪ੍ਰਸੰਗ ਵਿਚ ਉੱਚਤਮ ਅਧਿਆਤਮਕ ਜੀਵਨ ਦੇ ਸਹਿਜ ਅੰਨਦ ਤੇ ਪ੍ਰਾਪਤੀ ਦੀ ਅਵਸਥਾ ਦੀ ਤਾਂਘ ਤੇ ਸਰੂਪ ਵਰਣਨ ਨੂੰ ਇਸ ਰਚਨਾ ਵਿਚ ਵਿਆਪਕ ਰੂਪ ਵਿਚ ਪ੍ਰਗਟਾਇਆ ਗਿਆ ਹੈ। 'ਥਿਰ ਸੁਹਾਗ' ਇਸ ਦਾ ਮੁੱਖ ਮੰਤਵ ਤੇ ਅੰਤਮ ਪੜਾਉ ਹੈ। ਜੀਵਨ ਦ੍ਰਿਸ਼ਟੀਕੋਣ ਦਾ ਅਦੁੱਤੀ ਚਮਤਕਾਰ ਹੈ।

**(ਇਸ ਮਹੀਨੇ ਤੋਂ ਜੰਤਰੀ ਨਾਲ ਬਾਰਹਮਾਹ ਤੁਖਾਰੀ ਵਿਚੋਂ ਵੱਖ-ਵੱਖ ਮਹੀਨੇ ਅਰਥਾਂ ਸਹਿਤ ਛਾਪ ਰਹੇ ਹਾਂ)**


**ਜ਼ਰੂਰੀ ਬੇਨਤੀ**

**ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜ਼ਰੂਰ ਲਿਖਣ ਦੀ ਕਿਰਪਾ ਕਰਨ ਜੀ**

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

| | | |
|---|---|---|
| ਟੋਡੀ ਮਹਲਾ ੫॥ | Todi 5th Guru. | ਟੋਡੀ ਪੰਜਵੀ ਪਾਤਿਸ਼ਾਹੀ। |
| ਮਾਈ ਮੇਰੇ ਮਨ ਕੀ ਪਿਆਸ ॥ | My mother, my mind thirsts for the Lord. | ਮੇਰੀ ਮਾਤਾ, ਮੇਰੇ ਚਿਤ ਅੰਦਰ ਪ੍ਰਭੂ ਦੀ ਤੇਹ ਹੈ। |
| ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ ਦੇਖਨ ਕਉ ਧਾਰੀ ਮਨਿ ਆਸ ॥ਰਹਾਉ॥ | I can live not, even for a moment without my Beloved. Within my mind is the desire to see. His vision (Pause) | ਮੈਂ ਆਪਣੇ ਪਿਆਰੇ ਦੇ ਬਾਝੋਂ ਇਕ ਮੁਹਤ ਭਰ ਭੀ ਰਹਿ ਨਹੀਂ ਸਕਦਾ। ਮੇਰੇ ਚਿਤ ਅੰਦਰ ਉਸ ਦਾ ਦੀਦਾਰ ਵੇਖਣ ਦੀ ਚਾਹਨਾ ਹੈ। ਠਹਿਰਾਉ। |
| ਸਿਮਰਉ ਨਾਮੁ ਨਿਰੰਜਨਿ ਕਰਤੇ ਮਨ ਤਨ ਤੇ ਸਭ ਕਿਲਵਿਖ ਨਾਸ ॥ | Remember I the Name of the immaculate Creator and all the sins of my mind and body are washed off. | ਪਵਿਤਰ ਸਿਰਜਣਹਾਰ ਦੇ ਨਾਮ ਦਾ ਮੈਂ ਆਰਾਧਨ ਕਰਦਾ ਹਾਂ ਅਤੇ ਮੇਰੇ ਚਿਤ ਤੇ ਸਰੀਰ ਦੇ ਸਾਰੇ ਪਾਪ ਧੋਤੇ ਗਏ ਹਨ। |
| ਪੂਰਨ ਪਾਰਬ੍ਰਹਮ ਸੁਖਦਾਤੇ ਅਬਿਨਾਸੀ ਬਿਮਲ ਜਾਕੋ ਜਾਸ ॥੧॥ | Imperishable, Omnipresent and Peace-Giver is the Transcendent Lord, pure is whose praise. | ਨਾਸ-ਰਹਿਤ, ਸਰਬ-ਵਿਆਪਕ ਅਤੇ ਆਰਾਮ ਦੇਣਹਾਰ ਹੈ ਪਰਮ ਪ੍ਰਭੂ! ਪਵਿਤਰ ਹੈ ਜਿਸ ਦੀ ਸਿਫ਼ਤ ਸ਼ਲਾਘਾ। |
| ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ ॥ | By saints' grace, my desires are fulfilled and Lord, the Treasure of virtues has mercifully met me. | ਸਾਧੂਆਂ ਦੀ ਰਹਿਮਤ ਸਦਕਾ ਮੇਰੀਆਂ ਸਧਰਾਂ ਪੂਰੀਆਂ ਹੋ ਗਈਆਂ ਹਨ ਅਤੇ ਨੇਕੀਆਂ ਦਾ ਖ਼ਜ਼ਾਨਾ ਸੁਆਮੀ, ਦਇਆਧਾਰ ਮੈਨੂੰ ਮਿਲ ਪਿਆ ਹੈ। |
| ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥ | Peace, poise and pleasure have welled up in my mind and millions of suns shine for me, O Nanak. | ਆਰਾਮ, ਅਡੋਲਤਾ ਅਤੇ ਅਨੰਦ ਮੇਰੇ ਚਿਤ ਅੰਦਰ ਉਤਪਨ ਹੋ ਗਏ ਹਨ ਅਤੇ ਮੇਰੇ ਲਈ ਕ੍ਰੋੜਾਂ ਹੀ ਸੂਰਜ ਪ੍ਰਕਾਸ਼ ਹੋ ਗਏ ਹਨ, ਹੇ ਨਾਨਕ! |

| | | |
|---|---|---|
| **ਟੋਡੀ ਨਾਮ ਦੇਵ ਜੀ** | **Todi Nam Dev Ji** | **ਟੋਡੀ ਨਾਮ ਦੇਵ ਜੀ** |
| ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥ | Who that utters the Lord's Name retains the stain of sin? | ਸੁਆਮੀ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਕੀਹਦਾ ਕੋਈ ਪਾਪ ਦਾ ਦਾਗ ਬਾਕੀ ਰਹਿ ਜਾਂਦਾ ਹੈ? |
| ਪਤਿਤ ਪਵਿਤ ਭਏ ਰਾਮੁ ਕਹਤ ਹੀ॥੧॥ਰਹਾਉ॥ | The sinners become pure by uttering the Lord's, Name. (Pause) | ਸਾਂਈ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਪਾਪੀ ਪਵਿੱਤਰ ਹੋ ਜਾਂਦੇ ਹਨ। ਠਹਿਰਾਉ। |
| ਰਾਮ ਸੰਗਿ ਨਾਮ ਦੇਵ ਜਨ ਕਉ ਪ੍ਰਤਗਿਆ ਆਈ॥ | In the company of the Lord, slave Namdev has acquired faith. | ਸਾਹਿਬ ਦੀ ਸੰਗਤ ਅੰਦਰ ਗੋਲੇ ਨਾਮ ਦੇਵ ਦਾ ਭਰੋਸਾ ਬੱਝ ਗਿਆ ਹੈ। |
| ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ॥੧॥ | He has ceased to fast on the eleventh lunar day and why should go on pilgrimages to shrines? | ਉਸ ਨੇ ਚੰਦੋਂ ਗਿਆਰਵੀ ਦਾ ਉਪਵਾਸ ਰਖਣਾ ਛਡ ਦਿੱਤਾ ਹੈ ਅਤੇ ਉਹ ਧਰਮ ਅਸਥਾਨਾਂ ਦੀਆਂ ਯਾਤਰਾ ਕਰਨ ਕਿਉਂ ਜਾਵੇ? |
| ਭਨਤਿ ਨਾਮ ਦੇਉ ਸੁਕ੍ਰਿਤ ਸੁਮਤਿ ਭਏ॥ | Says Namdev, I have now become a man of good deeds and good thoughts. | ਨਾਮ ਦੇਵ ਜੀ ਆਖਦੇ ਹਨ, ਮੈਂ ਹੁਣ ਚੰਗੇ ਅਮਲਾਂ ਅਤੇ ਚੰਗੇ ਖਿਆਲਾਂ ਵਾਲਾ ਬੰਦਾ ਬਣ ਗਿਆ ਹਾਂ। |
| ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ॥੨॥੨॥ | Who and which have not gone to heaven by uttering the Lord's Name, under Guru's instuructions? | ਕੌਣ ਤੇ ਕਿਹੜੇ, ਗੁਰਾਂ ਦੀ ਸਿੱਖਿਆ ਤਾਬੇ ਸਾਹਿਬ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਬ੍ਰਹਿਮਲੋਕ ਨਹੀਂ ਪਧਾਰੇ। |

# ਰਾਗ ਬਿਲਾਸ ਖ਼ਾਨੀ ਟੋਡੀ

ਪ੍ਰੋ. ਤਾਰਾ ਸਿੰਘ

**ਥਾਟ:** ਭੈਰਵੀ ॥ ਜਾਤੀ: ਔਡਵ- ਸੰਪੂਰਨ ॥ ਵਾਦੀ : ਧੁ ॥ ਸੰਵਾਦੀ: ਗੁ ॥ ਸਮਾਂ: ਦਿਨ ਦਾ ਦੂਸਰਾ ਪਹਿਰ ॥

ਆਰੋਹ ਵਿਚ ਵਰਜਿਤ: ਮ ਅਤੇ ਨ ॥

ਆਰੋਹ: ਸ ਰੁ ਗੁ ਪ ਧੁ ਸਂ ॥ ਅਵਰੋਹ: ਸਂ ਰੁੇਂ ਨੁ ਧੁ ਮ ਗੁ ਮ ਗੁ ਮ ਗੁ ਰੁ ਸ ॥

ਪਕੜ: ਪ, ਧੁ ਨੁ ਧ ਮ ਗੁ ਰੁ ਗੁ ਰੁ ਸ ॥

## ਇਕ ਤਾਲ

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | | ਸਥਾਈ | | | | | |
| ਪਧੁ | ਨੁੀ | ਧੁਪ | ਧੁ | ਮ | ਗੁ | ਮਗੁ | ਰੁੇਗੁ | ਮਗੁ | ਰੁੇਗੁ | ਰੁੇ | ਸਾ |
| ਕਉ | ऽ | ਨऽ | ਕੋ | ऽ | ਕ | ਲੰऽ | ऽऽ | ਕऽ | ਰਹਿ | ਓ | ऽ |
| ਸਾਰੁੇ | ਨੁ਼ੀ | ਸਾ | ਸਾਰੁੇ | ਗੁਮ | ਗੁ | ਰੁੇ | ਗੁ | ਰੁੇ | ਸਾ | – | – |
| ਰਾऽ | ऽ | ਮ | ਨਾऽ | ऽऽ | ਮੁ | ਲੇ | ऽ | ਤ | ਹੀ | ऽ | ऽ |
| ਸਾਰੁੇ | ਨੁ਼ੀ | ਧੁ਼ | ਸਾ | – | ਸਾ | ਸਾਰੁੇ | ਗੁ | ਰੁੇ | ਗੁਾ | ਰੇ | ਸਾ |
| ਪऽ | ਤਿ | ऽ | ਤ | ऽ | ਪ | ਵਿऽ | ऽ | ਤ | ਭ | ਏ | ऽ |
| ਸਾਰੁੇ | ਗੁਮ | ਗੁ | ਗੁਪ | ਧੁਨੁੀ | ਧੁ | ਸਰੁੇਂ | ਗੁਂ | ਰੁੇਂਸਾਂ | ਰੁੇਂਨੁੀ | ਧੁਮ | ਰੁੇਗੁ |
| ਰਾऽ | ऽऽ | ऽ | ਮऽ | ऽऽ | ਕ | ਹ | ऽ | ਤऽ | ਹੀऽ | ऽऽ | ऽऽ |
| | | | | | | | ਅੰਤਰਾ: | | | | |
| ਧੁ | ਮ | ਗੁ | ਪਧੁ | ਨੁੀ | ਧੁ | ਸਾਂ | ਰੁੇਂ | ਨੁੀਧੁ | ਸਾਂ | – | ਸਾਂ |
| ਰਾ | ऽ | ਮ | ਸੰऽ | ऽ | ਗਿ | ਨਾ | ऽ | ਮऽ | ਦੇ | ऽ | ਵ |
| ਸਾਂਸਾਂ | ਸਾਂ | ਸਾਂ | ਰੁੇਂ | ਨੁੀ | ਸਾਂ | ਸਾਂਰੁੇਂ | ਗੁਂ | ਰੁੇਂਸਾਂ | ਰੇਂ | ਨੁੀ | ਧੁ |
| ਜਨ | ਕਉ | ਪ੍ਰ | ਤ | ਗਿਆ | ऽ | ਆऽ | ऽ | ऽऽ | ऽ | ऽ | ਈ |
| ਧੁਸਾਂ | ਰੁੇਂਗੁਂ | ਰੁੇਂ | ਨੁੀ | ਧੁ | ਨੁੀ | ਧੁ | ਮ | ਰੁੇ | ਗੁ | ਰੁੇ | ਸਾ |
| ਏਕਾ | ऽऽ | ਦ | ਸੀ | ऽ | ਬ੍ਰ | ऽ | ਤ | ਰ | ਹੇ | ऽ | ऽ |
| ਸਾਰੁੇ | ਗੁਮ | ਗੁ | ਗੁਪ | ਧੁਨੁੀ | ਧੁ | ਸਾਂਰੁੇਂ | ਗੁਂ | ਰੇਂਸਾਂ | ਰੇਂਨੁੀ | ਧੁਮ | ਰੁੇਗੁ |
| ਕਾऽ | ऽऽ | ਹੇ | ਕਉ | ऽऽ | ਤੀ | ਰऽ | ऽ | ਥऽ | ਜਾऽ | ऽऽ | ਈऽ |

ਨੋਟ :- ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ।

**ਸੁਰ ਲਿਪੀ**

# ਰਾਗ ਬਿਲਾਸ ਖ਼ਾਨੀ ਟੋਡੀ

## ਤਿੰਨ ਤਾਲ

ਪ੍ਰੋ. ਤਾਰਾ ਸਿੰਘ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਸਥਾਈ | | | ਸਾਰੇ | ਨ਼ੀ | ਸਾ | – | ਰੇ |
| | | | | | | | | | | | ਮਾs | s | ਈ | s | s |
| ਗੁ | – | ਗੁ | – | ਮਗੁ | ਰੇਗੁ | ਪਧੁ | ਨੀਧੁ | ਮਗੁ | ਰੇਗੁਾ | ਰੇਸਾ | ਸਾਰੇ | ਨ਼ੀ | ਧ਼ੁ | – | ਧ਼ੁ |
| ਮੇ | s | ਰੇ | s | ਮs | ਨs | ਕੀs | ss | ਪਿਆ | ss | ਸs | ਇs | ਕੁ | ਖਿ | s | ਨੁ |
| ਸਾ | ਸਾ | ਸਾ | ਸਾ | ਸਾਰੇ | ਗੁਪ | ਧੁ | ਨੀ | ਧੁ | ਮ | ਗੁਗੁ | ਰੇ | ਗੁ | ਪਧੁ | ਨੀ | ਧੁ |
| ਰ | ਹਿ | ਨ | ਸ | ਕਉ | ss | ਬਿ | ਨੁ | ਪ੍ਰੀ | s | ਤਮ | ਦ | ਰ | ਸs | s | ਨ |
| ਸਾਂ | ਸਾਂ | ਸਾਂ | ਸਾਂ | ਸਾਂਰੇਂ | ਗੁਂ | ਰੇਂ | ਸਾਂ | ਰੇਂਨੀ. | ਧੁਮ | ਗੁਰੇ | | | | | |
| ਦੇ | ਖ | ਨ | ਕਉ | ਧਾs | ਗੀ | ਮ | ਨਿ | ਆs | ss | ਸs | | | | | |
| | | | | | | | | | ਅੰਤਰਾ: | | ਧੁ | ਮ | ਗੁ | – | ਪ |
| | | | | | | | | | | | ਸਿ | ਮ | ਰਉ | s | s |
| ਧੁ | ਸਾਂ | ਸਾਂ | ਸਾਂ | ਸਾਂ | – | ਰੇਂਨੁ. | ਧੁ | ਸਾਂ | ਸਾਂ | ਸਾਂ | ਸਾਂਰੇ | ਨੀ | ਸਾਂ | – | ਰੇਂ |
| ਨਾ | s | ਮੁ | ਨਿ | ਰੰ | s | ਜs | ਨ | ਕ | ਰ | ਤੇ | ਮs | ਨ | ਤ | s | ਨ |
| ਸਾਂਰੁਂ | ਗੁਂ | ਰੁਂ | ਸਾਂ | ਰੇਂ | ਨੀ | ਨੀ | ਧੁ | ਨੀ | ਧੁ | ਪ | ਧੁ | ਮ | ਗੁ | – | ਪ |
| ਤੇ | s | ਸ | ਭਿ | ਕਿ | ਲ | ਵਿ | ਖ | ਨਾ | s | ਸ | ਪੂ | s | ਰ | s | ਨ |
| ਗੁਪ | ਧੁਨੀ | ਧੁ | ਮ | ਗੁ | ਗੁ | ਰੇ | ਗੁ | ਰੇ | ਰੇ | ਸਾ | ਸਾਰੇ | ਨ਼ੀ | ਸਾਰੇ | ਗੁਮ | ਗੁ |
| ਪਾ | ss | ਰ | ਬ੍ਰ | ਹ | ਮ | ਸੁ | ਖ | ਦਾ | s | ਤੇ | ਅs | ਬਿ | ਨਾs | ss | s |
| ਪ | ਪ | ਪ | ਧੁ | ਸਾਂਰੇਂ | ਗੁਂ | ਰੇਂ | ਸਾਂ | ਰੇਂ | ਧੁਮ | ਗੁਰੇ | | | | | |
| ਸੀ | ਬਿ | ਮ | ਲ | ਜਾs | s | ਕੋ | s | ਜਾs | ss | ਸs | | | | | |

ਨੋਟ :- ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ।


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ- ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ।

**ਮਿਲਣ ਦਾ ਪਤਾ:- ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ**

# ਸੰਗੀਤ - ਲਿਪੀ - ਚਿੰਨ੍ਹ

ਪ — ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ।

ਧੁ — ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ।

ਮੰ — ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ।

.ਪ/.ਧ — ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ।

ਸਂ/ਪਂ — ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ।

ਪ- — ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ(-) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ।

ਸ਼ਾਂs — ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ।

ਧਪ — ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ।

ਮਪ — ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ।

X 0 1 2 3 — Xਸਮ, 0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।



## ਅਕਾਸ਼ਬਾਣੀ ਤੋਂ ਗੁਰਬਾਣੀ ਸ਼ਬਦ ਕੀਰਤਨ ਪ੍ਰਸਾਰਣ ਹੋਣ ਦੇ ਸਮੇਂ

ਹਰਮੋਹਨਜੀਤ ਸਿੰਘ
ਐਚ. ਈ. 1006 ਫੇਜ਼-1
ਮੋਹਾਲੀ 160055

| | | ਸਵੇਰੇ | ਸ਼ਾਮ |
|---|---|---|---|
| ਅਕਾਸ਼ਬਾਣੀ ਜਲੰਧਰ ਤੋਂ ਰੋਜ਼ਾਨਾ ਪ੍ਰੋਗਰਾਮ | | | |
| 1. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸਿੱਧਾ ਪ੍ਰਸਾਰਣ | | 4.00 ਤੋਂ 6.00 | 4.30 ਤੋਂ 5.30 |
| 2. ਗੁਰਬਾਣੀ ਵਿਚਾਰ | | | 5.30 ਤੋਂ 6.00 |
| 3. ਅਰਾਧਨਾ ਪ੍ਰੋਗਰਾਮ | | 6.05 ਤੋਂ 6.30 | --- |
| 4. ਅੰਮ੍ਰਿਤਬੋਧ | | 7.05 ਤੋਂ 7.15 (ਸਿਵਾਏ ਸ਼ੁਕਰਵਾਰ) | |
| ਹਰ ਮੰਗਲਵਾਰ ਸ਼ਬਦ (ਨਿਰਧਾਰਿਤ ਰਾਗਾਂ ਵਿਚ) | | 7.15 ਤੋਂ 7.30 | 10.00 ਤੋਂ 10.30 (ਸਿਵਾਏ ਮਹੀਨਾ ਨਵੰਬਰ) |
| ਪ੍ਰਕਾਸ਼ ਉਤਸਵ ਗੁਰਪੁਰਬਾਂ ਦੇ ਪ੍ਰੋਗਰਾਮ | | | |
| 1. ਸ੍ਰੀ ਗੁਰੂ ਨਾਨਕ ਦੇਵ ਜੀ | (ਸ੍ਰੀ ਅੰਮ੍ਰਿਤਸਰ ਸਾਹਿਬ) | 7.05 ਤੋਂ 7.55 | |
| | (ਸ੍ਰੀ ਨਨਕਾਣਾ ਸਾਹਿਬ) | 10.10 ਤੋਂ 11.00 | |
| 2. ਸ੍ਰੀ ਗੁਰੂ ਗੋਬਿੰਦ ਸਿੰਘ ਜੀ | (ਸ੍ਰੀ ਅੰਮ੍ਰਿਤਸਰ ਸਾਹਿਬ) | 7.05 ਤੋਂ 7.55 | |
| | (ਸ੍ਰੀ ਪਟਨਾ ਸਾਹਿਬ) | 9.20 ਤੋਂ 10.00 | |
| 3. ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ | (ਸ੍ਰੀ ਮੰਜੀ ਸਾਹਿਬ ਅੰਬਾਲਾ) | 7.05 ਤੋਂ 7.55 | |
| ਸ਼ਹੀਦੀ ਗੁਰਪੁਰਬਾਂ ਦੇ ਪ੍ਰੋਗਰਾਮ | | | |
| 1. ਸ੍ਰੀ ਗੁਰੂ ਅਰਜਨ ਦੇਵ ਜੀ | (ਤਰਨ ਤਾਰਨ ਸਾਹਿਬ) | 7.05 ਤੋਂ 7.55 | |
| 2. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | (ਸ੍ਰੀ ਦੁਖ ਨਿਵਾਰਨ ਸਾਹਿਬ ਪਟਿਆਲਾ) | | 8.30 ਤੋਂ 10.30 |

ਪ੍ਰੋਗਰਾਮ ਦੇ ਵੇਰਵੇ :-

| | | ਸਵੇਰੇ | ਸ਼ਾਮ |
|---|---|---|---|
| ਸ਼ਿਮਲਾ ਰੇਡਿਉ ਸਟੇਸ਼ਨ ਹਰ ਸੋਮਵਾਰ | | 6.50 ਤੋਂ 6.55 | 6.10 ਤੋਂ 6.15 |
| | | 8.30 ਤੋਂ 8.45 | |
| ਦਿੱਲੀ 'ਬੀ' | ਹਰ ਵੀਰਵਾਰ | 7.45 ਤੋਂ 8.15 | |
| | ਹਰ ਗੁਰਪੁਰਬ | | 7.00 ਤੋਂ 7.30 |
| ਜਨਮ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ | | 9.10 ਤੋਂ 10.00 | |
| ਚੰਡੀਗੜ੍ਹ ਹਰ ਮੰਗਲਵਾਰ, ਸ਼ੁਕਰਵਾਰ | | --- | 6.30 ਤੋਂ 6.55 |
| ਰੇਡਿਉ ਪਾਕਿਸਤਾਨ ਲਾਹੌਰ (ਪੰਜਾਬੀ ਦਰਬਾਰ ਹਰ ਰੋਜ਼) | | --- | 7.00 ਤੋਂ 7.30 |
| ਆਲ ਇੰਡਿਆ ਰੇਡਿਉ ਹਰ ਰੋਜ਼ (ਸਿਵਾਏ ਸ਼ੁਕਰਵਾਰ) | | 6.00 ਤੋਂ 6.15 ਦੇ ਵਿਚਕਾਰ | |
| ਜਲੰਧਰ ਅੰਮ੍ਰਿਤਸਰ ਟੀ. ਵੀ. ਦੇ ਪ੍ਰੋਗਰਾਮ | | | |
| ਹਰ ਸੋਮਵਾਰ, ਬੁਧੱਵਾਰ | | --- | 5.05 ਤੋਂ 5.15 |
| ਹਰ ਮੰਗਲਵਾਰ | | --- | 7.20 ਤੋਂ 7.30 |
| ਹਰ ਐਤਵਾਰ | | 8.30 ਤੋਂ 8.45 | |
| ਦਿੱਲੀ ਟੀ. ਵੀ. ਦੇ ਪ੍ਰੋਗਰਾਮ ਹਰ ਐਤਵਾਰ | | 8.30 ਤੋਂ 8.45 | |

### ਅੰਮ੍ਰਿਤ ਕੀਰਤਨ ਦਾ ਚੰਦਾ ਭੇਜੋ ਜੀ

ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰਖਿਆ ਜਾ ਸਕਦਾ ਹੈ। **ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ।**

## 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ। ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ। ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਮਾਇਕ ਸਹਾਇਤਾ ਭੇਜੀ ਹੈ। ਉਹਨਾਂ ਦਾ ਬਹੁਤ ਬਹੁਤ ਧੰਨਵਾਦ।

ਸ੍ਰ. ਇੰਦਰਪਾਲ ਸਿੰਘ, ਚੰਡੀਗੜ੍ਹ 100 ਰੁ./ ਉਸਤਾਦ ਸੁਰਜੀਤ ਸਿੰਘ, ਗੁ: ਜਨਮ ਸਥਾਨ, ਚੀਮਾਂ 100 ਰੁ./ ਸ੍ਰ. ਰਾਜਿੰਦਰਪਾਲ ਸਿੰਘ, ਚੰਡੀਗੜ੍ਹ, 100 ਰੁ./ ਪ੍ਰੋ. ਨਿਰਮਲ ਸਿੰਘ ਚੰਡੀਗੜ੍ਹ, 100 ਰੁ./ ਪ੍ਰਿੰਸੀਪਲ ਖਾਲਸਾ ਮਾਡਲ ਸਕੂਲ, ਸਮਾਰਾਇ 100 ਰੁ./ ਸ੍ਰ. ਬੰਤ ਸਿੰਘ ਚੰਡੀਗੜ੍ਹ, 200 ਰੁ./ ਪ੍ਰਿੰਸੀਪਲ, ਬਨਾਰਸੀ ਦਾਸ ਆਰੀਆ ਸਕੂਲ, ਜਲੰਧਰ ਕੈਂਟ, 100 ਰੁ./ ਪ੍ਰਿੰਸੀਪਲ, ਗੁਰੂ ਨਾਨਕ ਕਾਲਜ ਸੁਖਚੈਨਿਆਣਾ ਸਾਹਿਬ, ਫਗਵਾੜਾ, 100 ਰੁ./ ਸ੍ਰ. ਅਰਵਿੰਦਰ ਸਿੰਘ ਮਿਊਜ਼ਿਕ ਮਾਸਟਰ, ਮਲੋਟ, 100 ਰੁ./ ਸ੍ਰ. ਗੁਰਬਚਨ ਸਿੰਘ ਪੂਨਾ, 100 ਰੁ./ ਸੇਵਕ ਚੈਰੀਟੇਬਲ ਟ੍ਰਸਟ, ਚੰਡੀਗੜ੍ਹ, 100 ਰੁ./ ਸ੍ਰ. ਪ੍ਰੀਤਮ ਸਿੰਘ ਚੀਮਾ ਕਨੇਡਾ, 1000 ਰੁ./ ਸ੍ਰ. ਸੁਰਜੀਤ ਸਿੰਘ ਰਿਖੀ, ਐਡਵੋਕੇਟ, ਚੰਡੀਗੜ੍ਹ, 100 ਰੁ./ ਬੀਬੀ ਹਰਪ੍ਰੀਤ ਕੌਰ ਸੇਠੀ, ਚੰਡੀਗੜ੍ਹ, 250 ਰੁ./ ਸ੍ਰ. ਹਰਬੰਸ ਸਿੰਘ, ਨਵੀਂ ਦਿੱਲੀ, 250 ਰੁ./ ਕਰਨਲ ਕੇ. ਐਸ. ਸਾਹੀ, ਮੁਹਾਲੀ 200 ਰੁ./ ਬਾਬਾ ਲਹਿਣਾ ਸਿੰਘ ਟ੍ਰਸਟ, ਚੰਡੀਗੜ੍ਹ, 1000 ਰੁ./

Donations made to Amrit Kirtan Trust are eligible for exemption Under Section 80G of the Income Tax Act, 1961, upto 31.3.99, Vide Order No. CIT/PRO/PTA/80G/ 97-98 dated 3/7-7-1997 issued by the CIT Patiala

### ਜ਼ਰੂਰੀ ਬੇਨਤੀ

ਅੱਜ ਦਾ ਯੁਗ ਵਿੱਦਿਆ ਅਤੇ ਪ੍ਰਚਾਰ ਦਾ ਯੁਗ ਹੈ, ਸੋ ਹਰ ਮਾਈ-ਭਾਈ ਨੂੰ ਆਪਣੇ ਗੌਰਵਮਈ ਵਿਰਸੇ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਵਾਸਤੇ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਲੋੜ ਹੈ।

ਨਿਮਨ ਪੁਸਤਕਾਂ ਨੂੰ ਹੁਣ ਹੋਰ ਦੋਬਾਰਾ ਛਪਵਾ ਕੇ ਸੰਗਤਾਂ ਦੀ ਭੇਟ ਕੀਤਾ ਜਾਣਾ ਹੈ:-

1. ਸ੍ਰੀ ਅੰਮ੍ਰਿਤਸਰ ਦਰਸ਼ਨ ਇਸ਼ਨਾਨ- ਪੰਜਾਬੀ, ਹਿੰਦੀ, ਅੰਗਰੇਜ਼ੀ ਸੁੰਦਰ ਤਸਵੀਰਾਂ ਸਮੇਤ।
2. ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੀਵਨੀ ਸੁੰਦਰ ਤਸਵੀਰਾਂ ਸਮੇਤ।
3. ਧੰਨ ਨਾਨਕ ਤੇਰੀ ਵੱਡੀ ਕਮਾਈ (ਇਸ ਵਿਚ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਵੱਖ-ਵੱਖ ਮਜ਼ਮੂਨਾਂ ਸਬੰਧੀ ਖੋਜ ਭਰਪੂਰ ਲੇਖ ਹਨ)।
4. ਬਾਝੁ ਗੁਰੂ ਡੁੱਬਾ ਸੰਸਾਰ। (ਸਾਰੇ ਧਰਮਾਂ ਦਾ ਤੁਲਨਾਤਮਿਕ ਅਧਿਐਨ)
5. ਯਾਤਰਾ ਗਾਈਡ ਸ੍ਰੀ ਹੇਮਕੁੰਟ ਸਾਹਿਬ ਸਮੇਤ ਜੀਵਨੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ, ਸੁੰਦਰ ਚਿੱਤਰਾਂ ਸਮੇਤ।
6. ਗੁਰਬਾਣੀ ਕਹੈ ਸੇਵਕੁ ਜਨੁ ਮਾਨੈ।
7. ਤੂੰ ਮੇਰਾ ਪਿਤਾ (ਵਾਹਿਗੁਰੂ ਨਾਲ ਮਿਲਾਪ ਦੀ ਜੁਗਤੀ)।
8. ਜ਼ਿਲ੍ਹਾ ਅੰਮ੍ਰਿਤਸਰ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਸਬੰਧੀ ਯਾਤਰਾ ਗਾਈਡ ਸੁੰਦਰ ਸਤਵੀਰਾਂ ਸਮੇਤ।
9. ਸਾਲ 1984 ਖਾਲਸਾ ਪੰਥ ਲਈ ਕਹਿਰਾਂ ਭਰਪੂਰ।
10. ਜੀਵਨੀ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਜੀ।
11. ਜੀਵਨ ਬਿਉਰਾ ਚਾਰਟ ਗੁਰੂ ਸਾਹਿਬਾਨ।

ਉਪਰੋਕਤ ਪੁਸਤਕਾਂ ਪ੍ਰਾਪਤ ਕਰਨ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ਜੀ।

SATNAM SINGH ADVOCATE P.O. R & S. MILLS, AMRITSAR- 143104

ਬਾਰਿ, ਮੈਂ ਪਿਰੁ ਘਰਿ ਬਾਹੁੜੇ।। ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖੁ ਪਾਵੈ, ਬਿਰਹਿ ਬਿਰੋਧ ਤਨੁ ਛੀਜੈ।। ਕੋਕਿਲ ਅੰਬਿ ਸੁਹਾਵੀ ਬੋਲੇ, ਕਿਉ ਦੁਖੁ ਅੰਕਿ ਸਹੀਜੇ।। ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।। ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ।।

(ਬਾਰਾਮਾਹ ਤੁਖਾਰੀ ਮਹਲਾ ੧ ਪੰਨਾ-)

## ਗੁਰਪਰਬ

| | |
|---|---|
| ਪਾ. 7 ਗੁਰਿਆਈ ਮਿਲੀ | 26 ਮਾਰਚ |
| ਪਾ. 3 ਗੁਰਿਆਈ ਮਿਲੀ | 28 ਮਾਰਚ |
| ਪਾ. 2 ਜੋਤੀ ਜੋਤਿ ਸਮਾਏ | 31 ਮਾਰਚ |

## ਛੁੱਟੀਆਂ ਦੇ ਦਿਨ ਤਿਉਹਾਰ

| | |
|---|---|
| ਹੋਲਾ ਮਹੱਲਾ | 14 ਮਾਰਚ |
| ਸੰਮਤ ਸ਼ਾਕਾ ਸ਼ੁਰੂ | 22 ਮਾਰਚ |
| ਸੰਮਤ ਬਿਕ੍ਰਮੀ ਸ਼ੁਰੂ | 28 ਮਾਰਚ |


## ਹਰਮੋਨੀਅਮ ਪ੍ਰਾਪਤ ਕਰੋ

**ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ।**

**ਅੰਮ੍ਰਿਤ ਕੀਰਤਨ ਟ੍ਰਸਟ,**
**422 ਸੈਕਟਰ 15 ਏ.**
**ਚੰਡੀਗੜ੍ਹ-160015**
**ਫੋਨ-772660, 782452**


| | | | | | |
|---|---|---|---|---|---|
| ਸੰਮਤ ਬਿਕ੍ਰਮੀ | 2054-55 | | ਪੰਚਮੀ | 2 | ਮਾਰਚ |
| ਸੰਮਤ ਨਾਨਕਸ਼ਾਹੀ | 529 | | ਪੂਰਨਮਾਸ਼ੀ | 13 | ਮਾਰਚ |
| ਸੰਮਤ ਖਾਲਸਾ | 299 | | ਸੰਗ੍ਰਾਂਦ | 14 | ਮਾਰਚ |
| ਸੰਮਤ ਸਾਕਾ | 1919-20 | | ਮੱਸਿਆ | 28 | ਮਾਰਚ |

| | | | | | |
|---|---|---|---|---|---|
| ਐਤ<br>SUN | 1<br>18 ਫਗਣ<br>ਫਗਣ ਸੁਦੀ 3 | 8<br>25 ਫਗਣ<br>ਫਗ. ਸੁਦੀ 11 | 15<br>2 ਚੇਤਰ<br>ਚੇਤਰ ਵਦੀ 2 | 22<br>9 ਚੇਤਰ<br>ਚੇਤਰ ਵਦੀ 9 | 29<br>16 ਚੇਤਰ<br>ਚੇਤਰ ਸੁਦੀ 2 |
| ਸੋਮ<br>MON | 2<br>19 ਫਗਣ<br>ਫ. ਸੁਦੀ 4-5 | 9<br>26 ਫਗਣ<br>ਫਗ. ਸੁਦੀ 12 | 16<br>3 ਚੇਤਰ<br>ਚੇਤਰ ਵਦੀ 3 | 23<br>10 ਚੇਤਰ<br>ਚੇਤਰ ਵਦੀ 10 | 30<br>17 ਚੇਤਰ<br>ਚੇਤਰ ਸੁਦੀ 3 |
| ਮੰਗਲ<br>TUE | 3<br>20 ਫਗਣ<br>ਫਗਣ ਸੁਦੀ 6 | 10<br>27 ਫਗਣ<br>ਫਗ. ਸੁਦੀ 13 | 17<br>4 ਚੇਤਰ<br>ਚੇਤਰ ਵਦੀ4 | 24<br>11 ਚੇਤਰ<br>ਚੇਤਰ ਵਦੀ 11 | 31<br>18 ਚੇਤਰ<br>ਚੇਤਰ ਸੁਦੀ 4 |
| ਬੁਧ<br>WED | 4<br>21 ਫਗਣ<br>ਫਗਣ ਸੁਦੀ 7 | 11<br>28 ਫਗਣ<br>ਫਗ. ਸੁਦੀ 14 | 18<br>5 ਚੇਤਰ<br>ਚੇਤਰ ਵਦੀ 5 | 25<br>12 ਚੇਤਰ<br>ਚੇਤਰ ਵਦੀ 12 | ☆ |
| ਵੀਰ<br>THU | 5<br>22 ਫਗਣ<br>ਫਗਣ ਸੁਦੀ 7 | 12<br>29 ਫਗਣ<br>ਫਗ. ਸੁਦੀ 14 | 19<br>6 ਚੇਤਰ<br>ਚੇਤਰ ਵਦੀ 6 | 26<br>13 ਚੇਤਰ<br>ਚੇਤਰ ਵਦੀ 13 | ☆ |
| ਸ਼ੁਕਰ<br>FRI | 6<br>23 ਫਗਣ<br>ਫਗਣ ਸੁਦੀ 9 | 13<br>30 ਫਗਣ<br>ਪੂਰਨਮਾਸ਼ੀ | 20<br>7 ਚੇਤਰ<br>ਚੇਤਰ ਵਦੀ 7 | 27<br>14 ਚੇਤਰ<br>ਚੇਤਰ ਵਦੀ 14 | ☆ |
| ਸ਼ਨੀ<br>SAT | 7<br>24 ਫਗਣ<br>ਫਗਣ ਸੁਦੀ 10 | 14<br>1 ਚੇਤਰ<br>ਫਗ. ਵਦੀ 1 | 21<br>8 ਚੇਤਰ<br>ਚੇਤਰ ਵਦੀ 8 | 28<br>15 ਚੇਤਰ<br>ਮੱਸਿਆ | ☆ |


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002


(ਚੇਤ ਵਿਚ) ਬਸੰਤ (ਦਾ ਮੌਸਮ ਭੀ) ਪਿਆਰਾ ਲੱਗਦਾ ਹੈ, (ਇਸ ਮਹੀਨੇ) ਖੁਲ੍ਹੀ ਜੂਹ ਵਿਚ ਬਨਸਪਤੀ ਨੂੰ ਫੁੱਲ ਲੱਗ ਪੈਂਦੇ ਹਨ, ਤੇ (ਫੁੱਲਾਂ ਉਤੇ ਬੈਠੇ ਹੋਏ) ਭਵਰ ਸੋਹਣੇ ਲੱਗਦੇ ਹਨ। (ਮੇਰੇ ਹਿਰਦੇ ਦਾ ਕੌਲ-ਫੁੱਲ ਭੀ ਖਿੜ ਪਏ, ਜੇ ) ਮੇਰਾ ਪਤੀ-ਪ੍ਰਭੂ ਮੇਰੇ ਹਿਰਦੇ-ਘਰ ਵਿਚ ਆ ਵੱਸੇ।

ਜਿਸ ਜੀਵ-ਇਸਤ੍ਰੀ ਦਾ ਪ੍ਰਭੂ ਹਿਰਦੇ-ਘਰ ਵਿਚ ਨਾਹ ਆ ਵੱਸੇ, ਉਸ ਜੀਵ-ਇਸਤ੍ਰੀ ਨੂੰ ਆਤਮਕ ਆਨੰਦ ਨਹੀਂ ਆ ਸਕਦਾ, ਉਸ ਦਾ ਸਰੀਰ (ਪ੍ਰਭੂ ਤੋਂ) ਵਿਛੋੜੇ ਦੇ ਕਾਰਨ (ਕਾਮਾਦਿਕ ਵੈਰੀਆਂ ਦੇ) ਹੱਲਿਆਂ ਨਾਲ ਕਮਜ਼ੋਰ ਹੋ ਜਾਂਦਾ ਹੈ। (ਚੇਤਰ ਦੇ ਮਹੀਨੇ) ਕੋਇਲ ਅੰਬ ਦੇ ਰੁੱਖ ਉਤੇ ਮਿੱਠੇ ਬੋਲ ਬੋਲਦੀ ਹੈ (ਵਿਜੋਗਣ ਨੂੰ ਇਹ ਬੋਲ ਮਿੱਠੇ ਨਹੀਂ ਲੱਗਦੇ, ਚੋਭਵੇਂ ਦੁਖਦਾਈ ਲੱਗਦੇ ਹਨ, ਤੇ ਵਿਛੋੜੇ ਦਾ) ਦੁੱਖ ਉਸ ਪਾਸੋਂ ਹਿਰਦੇ ਵਿਚ ਸਹਾਰਿਆ ਨਹੀਂ ਜਾਂਦਾ।

ਹੇ ਮਾਂ! ਮੇਰਾ ਮਨ-ਭੌਰਾ (ਅੰਦਰਲੇ ਖਿੜੇ ਹਿਰਦੇ-ਕਮਲ ਨੂੰ ਛੱਡ ਕੇ ਦੁਨੀਆ ਦੇ ਰੰਗ-ਤਮਾਸ਼ਿਆਂ ਦੇ) ਫੁੱਲਾਂ ਤੇ ਡਾਲੀਆਂ ਉਤੇ ਭਟਕਦਾ ਫਿਰਦਾ ਹੈ। ਇਹ ਆਤਮਕ ਜੀਵਨ ਨਹੀਂ ਹੈ, ਇਹ ਤਾਂ ਆਤਮਕ ਮੌਤ ਹੈ।

ਹੇ ਨਾਨਕ! ਚੇਤਰ ਦੇ ਮਹੀਨੇ ਵਿਚ (ਬਸੰਤ ਦੇ ਮੌਸਮ ਵਿਚ) ਜੀਵ-ਇਸਤ੍ਰੀ ਅਡੋਲ ਅਵਸਥਾ ਵਿਚ ਟਿਕ ਕੇ ਆਤਮਕ ਆਨੰਦ ਮਾਣਦੀ ਹੈ, ਜੇ ਜੀਵ-ਇਸਤ੍ਰੀ (ਆਪਣੇ ਹਿਰਦੇ) ਘਰ ਵਿਚ ਪ੍ਰਭੂ-ਪਤੀ ਨੂੰ ਲੱਭ ਲਏ।

ਭਾਵ: ਬਸੰਤ ਦਾ ਮੌਸਮ ਸੁਹਾਵਣਾ ਹੁੰਦਾ ਹੈ। ਹਰ ਪਾਸੇ ਫੁੱਲ ਖਿੜੇ ਹੁੰਦੇ ਹਨ, ਕੋਇਲ ਅੰਬ ਉਤੇ ਬੈਠੀ ਮਿੱਠੇ ਬੋਲ ਬੋਲਦੀ ਹੈ। ਪਰ ਪਤੀ ਤੋਂ ਵਿਛੁੜੀ ਨਾਰ ਨੂੰ ਇਹ ਸਪ ਕੁਝ ਚੋਭਵਾਂ ਲੱਗਦਾ ਹੈ। ਜਿਸ ਮਨੁੱਖ ਦਾ ਮਨ ਅੰਦਰਲੇ ਹਿਰਦੇ-ਕੌਲ-ਫੁੱਲ ਨੂੰ ਛੱਡ ਕੇ ਦੁਨੀਆਂ ਦੇ ਰੰਗ-ਤਮਾਸ਼ਿਆਂ ਵਿਚ ਭਟਕਦਾ ਫਿਰਦਾ ਹੈ, ਉਸ ਦਾ ਇਹ ਜੀਊਣ ਅਸਲ ਵਿਚ ਆਤਮਕ ਮੌਤ ਹੈ। ਆਤਮਕ ਅੰਨਦ ਤਦੋਂ ਹੀ ਹੈ ਜਦੋਂ ਪਰਮਾਤਮਾ ਹਿਰਦੇ ਵਿਚ ਆ ਵੱਸੇ।

(ਪ੍ਰਿ. ਸਾਹਿਬ ਸਿੰਘ)

**ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।**

T SERIES ਸਿਰੀਜ਼ ਪੇਸ਼ ਕਰਦੇ ਹਨ



**ਡਾ. ਜਾਗੀਰ ਸਿੰਘ** ਚੰਡੀਗੜ੍ਹ ਵਾਲਿਆਂ

**ਦੀ**

**ਆਵਾਜ਼ ਵਿੱਚ**

**ਸ਼ਬਦ ਗੁਰਬਾਣੀ ਦੀ ਕੈਸੱਟ**

## ਸਭ ਬਿਧਿ ਤੁਮ ਹੀ ਜਾਨਤੇ

ਸਾਰੀਆਂ ਕੈਸੱਟ ਦੁਕਾਨਾਂ ਤੋਂ ਮਿਲ ਸਕਦੀ ਹੈ ।

*sohal specials*
Page : 9610 - 8677

Registration No.
Chandigarh Division / 52 / 98
RNI Regd. No. 46788/89

**BOOK POST**
(Printed Matter)

To

*If undelivered please return to:*
**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 3 ਸਾਲ ਦਸਵਾਂ ਮਾਰਚ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।